# ਪੰਜਾਬੀ ਦਾ ਮੁੱਢ

## (ORIGIN OF PUNJABI)

ਨਾਜਰ ਸਿੰਘ

*Published By :*
**Nazar Singh**
Atal Nagar H.N.12041
Street No. 2, Near Post Office,
Rahon Road, Ludhiana-7
E-mail : pindpasla@gmail.com
rajkumar04091987@gmail.com
Phone : 0161-2632130, 089684-89599, 094631-73312

# ਪੰਜਾਬੀ ਦਾ ਮੁੱਢ

**(Origin of Punjabi)**

(A book on Origin of Punjabi, its root, background, Comparative analysis to other languages and their Grammars)

© All Rights of this book reserved to the author.

**First Edition : 2018**

**Price Rs. : 450/-**

***Designing by***
Combine Creations, Jalandhar

# ਜਾਣ ਪਛਾਣ



ਅਜੋਕਾ ਪੰਜਾਬ ਫਾਰਸੀ ਸ਼ਬਦ ਦਾ ਸਮਾਸ (ਜਰੁੱਟ) ਪੰਜ + ਆਬ ਹੈ। ਇਸ ਦਾ ਪਹਿਲਾ ਨਾਂ ਪੰਜ ਨਦ ਰੱਖਿਆ ਗਿਆ ਸੀ। **ਯੂਨਾਨੀਆਂ** ਨੇ ਇਸਦਾ ਨਾਂ **ਪੈਂਤਾ ਪੋਤਾਮੀਆਂ** ਰੱਖਿਆ। ਪੰਜਾਬ ਨਾਂ ਲੋਕਾਂ ਵਿੱਚ ਉੱਘਾ ਹੋ ਗਿਆ। ਇੱਥੇ ਲੋਕਾਂ ਦੀ ਬੋਲੀ ਦਾ ਨਾਂ ਪੰਜਾਬੀ ਪੈ ਗਿਆ। ਇਸ ਤੋਂ ਛੁੱਟ ਕਈ ਹੋਰ ਨਾਂ ਜਿਵੇ : ਸਪਤ ਸਿੰਧੂ, ਗੰਧਾਰ, ਵਾਹਿਕਦੇਸ਼, ਕੈਕਦੇਸ਼, ਮਦ ਦੇਸ਼, ਮਲ ਦੇਸ਼ ਅਤੇ ਤਰਿਗਰਤ ਆਦਿ ਨਾਲ ਵੀ ਜਾਣਿਆ ਜਾਂਦਾ ਸੀ। ਏਦਾਂ ਅਜੋਕੇ ਪੰਜਾਬ ਦਾ ਜੁਗਰਫੀਆ ਵੱਖੋ ਵੱਖ ਹੈ ਅਤੇ ਵੱਧ ਘੱਟ ਰਿਹਾ ਹੈ।

ਪੰਜਾਬ ਉੱਤੇ ਕਈ ਧੜਵੱਈਆਂ ਨੇ ਚੜਾਈ ਕਰਕੇ ਇਸ ਨੂੰ ਜਿੱਤਿਆ ਅਤੇ ਪੰਜਾਬੀ (ਸ਼ੂਦਰਾਂ) ਲੋਕਾਂ ਨੂੰ ਗੋਲੇ ਬਣਾਇਆ ਅਤੇ ਉਹਨਾਂ ਦੀ ਰਹਿਤਲ਼ ਤੇ ਭਾਰੀ ਢਾਹ ਲਾਈ। ਜਿਸਦਾ ਸਬੂਤ ਆਰਕਿਆਲੋਜੀ ਦੀ ਖੋਜ ਦੱਸਦੀ ਹੈ ਕਿ ਜੋਹਨ ਮਾਰਸ਼ਲ ਆਰਕਿਆਲੋਜੀ ਦੇ ਡਾਇਰੈਕਟਰ ਨੇ 1927 'ਚ ਮੋਇੰਜੋਦੜੋ ਬਾਰੇ ਰਿਪੋਰਟ ਪੇਸ਼ ਕੀਤੀ ਹੈ ਅਤੇ ਕਿਹਾ ਕਿ ਇਹ ਨਿਵੇਕਲ਼ੀ ਕਿਸਮ ਦੀ ਰਹਿਤਲ਼ ਹੈ ਜਿਹੜੀ ਕਿ ਯੂਨਾਨ ਦੀ ਚੌਥੀ ਸਦੀ ਦੇ ਮੁਕਾਬਲੇ ਰੱਖੀ ਜਾ ਸਕਦੀ ਹੈ। ਉਸ ਵੇਲ਼ੇ ਤੱਕ ਸੰਸਾਰ ਦੀਆਂ ਬਹੁਤ ਸਾਰੀਆ ਰਹਿਤਲ਼ਾ ਦਾ ਪਤਾ ਲੱਗ ਚੁੱਕਾ ਸੀ। ਉਨਾਂ ਦੇ ਬਰਾਬਰ ਰੱਖ ਕੇ ਪਤਾ ਕੀਤਾ ਕਿ ਇਹ ਅਨਾਰੀਆ ਰਹਿਤਲ ਹੈ। ਇਹ ਪੰਜ ਹਜ਼ਾਰ ਵਰੇ ਪੁਰਾਣੀ ਹੈ। ਪਰ ਇੱਕ ਹੋਰ ਸੱਜਨ (**Jonathan Mark Kenoyer**) ਨੇ ਇਸਦੀ ਖੋਜ ਕੀਤੀ ਹੈ ਕਿ ਇਹ ਲਗਭਗ 5300 ਵਰ੍ਹੇ ਪੁਰਾਣੀ

ਹੈ। ਏਦਾਂ ਇਹ ਸੁਮੇਰੀਅਨ ਰਹਿਤਲ਼ ਤੋਂ ਪੁਰਾਣੀ ਹੈ। ਇਸ ਖੋਜ ਤੋਂ ਪਹਿਲਾ ਇਹ ਕਿਹਾ ਜਾਂਦਾ ਸੀ ਕਿ ਇਹ ਆਰੀਆ ਦੀ ਰਹਿਤਲ਼ ਹੈ। ਲੋਕ ਅਤੇ ਬੋਲੀ ਆਰੀਆ ਹੀ ਹੈ। ਪਰ ਦੇਸੀ ਸਿਆਣਿਆ ਵਿੱਚ ਡਾ. ਮੈਕਸ ਮੂਲਰ, ਅਲੈਗਜ਼ੈਡਰ ਕਨਿੰਘਮ, ਮੋਨੀਅਰ ਵਿਲੀਅਮ, ਜੋਹਨ ਬੀਮ, ਵਿਲੀਅਮ ਕੈਰੀ, ਡਾ. ਗਰੀਅਰਸਨ ਅਤੇ ਹੋਰ ਪਰਦੇਸੀ ਸਿਆਣੇ ਹੋਏ ਹਨ। ਇਸ ਤੋਂ ਇਲਾਵਾ ਸਾਡੇ ਦੇਸੀ ਸਿਆਣੇ ਵੀ ਹੋਏ ਹਨ ਜੋ ਪਰਦੇਸੀਆਂ ਦੀ ਪੈੜ ਤੇ ਚੱਲਣ ਵਾਲੇ ਹੋਏ ਜਿਵੇਂ : ਭੰਡਾਰਕਰ, ਗੋਰੀ ਸ਼ੰਕਰ ਓਜਾ, ਸੁਨੀਤੀ ਚੈਟਰਜੀ ਅਤੇ ਸਿਧੇਸ਼ਵਰ ਵਰਮਾਂ ਆਦਿ। ਸਾਡੇ ਦੇਸੀਆ ਨੇ ਜੋਹਨ ਮਾਰਸ਼ਲ ਦੀ ਰਿਪੋਰਟ ਤਾਂ ਪੜ੍ਹੀ ਹੈ ਪਰ ਇਹਨਾਂ ਦਾ ਇਰਾਦਾ ਹੀ ਆਰੀਆ ਪੱਖੀ ਸੀ।

ਪੰਜਾਬੀ ਦਾ ਗਰੈਮਰ ਦੱਸਦਾ ਹੈ ਕਿ ਇਹ ਨਾਂ ਤਾਂ ਸੈਮਟਿਕ, ਆਰੀਆ, ਤੁਰਕ ਜਾਂ ਤਤਾਰ, ਦ੍ਰਾਵਿੜ, ਮੁੰਡਾ, ਤੁਰਾਨੀ, ਅਸਟਰੋਲਾਇਡ, ਮੰਗੋਲਾਇਡ ਅਤੇ ਨਾ ਹੀ ਨੀਗਰੋ ਹੈ ਅਤੇ ਨਾਹੀ ਇਸਦਾ ਸਬੰਧ **ਸੰਸਕ੍ਰਿਤ, ਪ੍ਰਾਕ੍ਰਿਤਾਂ ਅਤੇ ਪਾਲੀ** ਨਾਲ ਹੈ ਅਤੇ ਨਾ ਹੀ ਇਹ ਬੋਲੀਆਂ ਪੰਜਾਬੀ ਵਡਾਰੂਆਂ ਦੀਆਂ ਸਨ। ਇਹਨਾਂ ਨੇ ਹੀ ਪੰਜਾਬੀ ਸਮੇਤ ਇੰਡੀਅਨ ਸਬ ਕੰਟੀਨੈਂਟ ਦੀਆਂ ਬੋਲੀਆ ਨੂੰ ਦਬਾਇਆ ਹੈ। ਉਪਰੋਕਤ ਤਿੰਨੋਂ ਬੋਲੀਆਂ ਅੱਜ ਸੰਸਾਰ ਵਿੱਚ ਡੈੱਡ ਮੰਨੀਆਂ ਜਾਂਦੀਆ ਹਨ।

ਅੱਜ ਪੰਜਾਬੀ ਤਿੰਨ ਧਰਮਾਂ ਵਿੱਚ ਵੰਡੇ ਹੋਏ ਹਨ- ਮੁਸਲ਼ਮਾਨ, ਸਿੱਖ ਅਤੇ ਹਿੰਦੂ ਅਤੇ ਇਸ ਤੋਂ ਇਲਾਵਾ ਹੋਰ ਛੋਟੇ ਗਰੁੱਪ ਵੀ ਹਨ। ਇੰਗਲਿਸ਼ ਰਾਜ ਵੇਲ਼ੇ ਮੁਸਲ਼ਮਾਨਾ ਅਤੇ ਹਿੰਦੂਆਂ ਦਾ ਕੋਈ ਪੰਜਾਬੀ ਲੀਡਰ ਨਹੀ ਸੀ। ਮੁਸਲ਼ਮਾਨ ਸਰ ਸਈਅਦ ਅਹਿਮਦ ਨੂੰ ਆਪਣਾ ਲੀਡਰ ਮੰਨਣ ਲੱਗੇ। ਜਿਸ ਦਾ ਸਬੰਧ ਯੂ.ਪੀ. ਨਾਲ ਸੀ। ਉਹ ਉਰਦੂ ਦੀ ਵਕਾਲ਼ਤ ਕਰਦਾ ਸੀ। ਪੰਜਾਬੀ ਮੁਸਲ਼ਮਾਨ ਬਹੁ ਗਿਣਤੀ ਬਲ ਤੇ ਉਰਦੂ ਨੂੰ ਪੰਜਾਬ ਦੀ ਸਰਕਾਰੀ ਬੋਲੀ ਬਣਾ ਲਿਆ। ਹਿੰਦੂ ਨੇ ਦੇਵਨਾਗਰੀ ਅਤੇ ਹਿੰਦੀ ਦੀ ਸਪੋਰਟ ਕੀਤੀ ਅਤੇ ਸਿੱਖ ਪੰਜਾਬੀ ਦੇ

ਪੱਖ ਵਿੱਚ ਖੜੇ। ਅੱਜ ਵੀ ਪੱਛਮੀ ਪੰਜਾਬ ਦੇ ਮੁਸਲ਼ਮਾਨ ਉਰਦੂ ਪੜਦੇ ਹਨ, ਬੋਲਦੇ ਹਨ ਪਰ ਪੰਜਾਬੀ ਦੀ ਕੋਈ ਪੁੱਛ ਨਹੀ ਹੈ। ਇਸ ਤਰਾਂ ਪੰਜਾਬੀ ਹਿੰਦੂ ਹਿੰਦੀ ਦੇ ਪੱਖ ਵਿੱਚ ਖੜੇ ਹਨ। ਇਸੇ ਤਰਾਂ ਹਿਮਾਚਲੀ ਪੰਜਾਬ ਵਿੱਚ ਬੋਲਦੇ ਹਨ ਪਰ ਪੜ੍ਹਦੇ ਹਿੰਦੀ ਹਨ। ਜੇ ਇਹ ਸਾਰੇ ਪੰਜਾਬੀ ਸੂਤ ਨਾਲ ਬੱਝ ਜਾਣ ਤਾਂ ਬੰਗਾਲੀ ਬੋਲੀ ਤੋਂ ਅਗਲੇ ਥਾਂ ਤੇ ਪੰਜਾਬੀ ਬਣਦੀ ਹੈ। ਚੀਨੀ ਪਹਿਲਾ, ਸਪੈਨੀਸ਼ ਦੂਜਾ, ਇੰਗਲਿਸ਼ ਤੀਜਾ, ਚੌਥਾ ਹਿੰਦੀ, ਪੰਜਵਾਂ ਡੱਚ, ਛੇਵਾਂ ਅਰਬੀ, ਸੱਤਵੀਂ ਬੰਗਾਲੀ ਅਤੇ ਅੱਠਵੀਂ ਪੰਜਾਬੀ ਹੈ ਅਤੇ ਹੁਣ ਪੰਜਾਬੀ ਦਾ ਸੰਸਾਰ ਪੱਧਰ ਤੇ ਨੌਂਵਾਂ ਦਰਜ਼ਾ ਹੈ। ਪੰਜਾਬੀਆਂ ਦੇ ਇਕੱਠੇ ਹੋਣ ਨਾਲ ਇਕ ਭਾਸ਼ਾਈ ਤੌਰ ਤੇ ਤਕੜਾ ਗਰੁੱਪ ਬਣ ਜਾਵੇਗਾ।

ਜੇ ਅਸੀਂ ਵੰਡਾਰੇ ਵੇਲ਼ੇ ਪੰਜਾਬੀ ਨਾਲ ਬੱਝੇ ਹੁੰਦੇ ਤਾਂ ਭਰਾ ਮਾਰੂ ਨਾ ਬਣਦੇ। ਪੰਜ ਤੋਂ ਦੱਸ ਲੱਖ ਪੰਜਾਬੀਆਂ ਦਾ ਘਾਣ ਹੋਇਆ ਹੈ। ਇਹ ਕਾਲ਼ਸ ਸਾਰੇ ਸੰਸਾਰ ਦੇ ਪੰਜਾਬੀਆਂ ਤੇ ਲਾਗੂ ਹੁੰਦੀ ਹੈ। ਅਸੀਂ ਆਪ ਹੀ ਆਪਣੀ ਨਸਲ਼ ਘਾਤ ਕੀਤੀ ਹੈ। ਜਿਹੜੇ ਖੋਟ ਸਾਡੇ ਵਿੱਚ ਵੜ ਗਏ ਹਨ ਉਹਨਾਂ ਨੂੰ ਢਿੱਡੋ ਕੱਢ ਦੇਈਏ। ਆਤਮ ਘਾਤੀ ਨਾ ਬਣੀਏ ਪਾਂਡਵਾ ਵਾਂਗ। ਕਿਵੇਂ ਅਗਲੀ ਪੀੜੀ ਨੂੰ ਕਰੈਕਟਰ ਪੱਖੋਂ, ਹੁਨਰ ਪੱਖੋਂ, ਵਿਦਿਆ ਪੱਖੋਂ, ਸਮਾਜ ਪੱਖੋਂ, ਸੇਵਾ ਪੱਖੋਂ, ਹਮਦਰਦੀ ਪੱਖੋਂ ਅਤੇ ਸੰਤੋਖ ਪੱਖੋਂ ਮਾਲਾਮਾਲ ਕਰੀਏ। ਹੜੱਪਾ ਵੇਲ਼ੇ ਕੁੜੀ ਦੀ ਪੂਜਾ ਕੀਤੀ ਜਾਂਦੀ ਸੀ। ਅੱਜ ਵੀ ਹਿੰਦੂਆ ਵਿੱਚ ਕੰਜਕ ਅਤੇ ਦੇਵੀ ਦੀ ਪੂਜਾ ਹੁੰਦੀ ਹੈ। ਨਾਗ ਪੂਜਾ ਵੀ ਹੁੰਦੀ ਸੀ। ਸਮਾਜ ਵਿੱਚ ਮਾਤਾ ਜਾਂ ਅੰਬੇ ਕਰਕੇ ਵੀ ਪੂਜਾ ਹੁੰਦੀ ਸੀ ਜਿਹੜੀ ਕਿ ਅਨਾਰੀਆਂ ਰੀਤ ਹੈ। ਰਿਗਵੇਦ ਤੋਂ ਪਤਾ ਲਗਦਾ ਹੈ ਕਿ ਆਰੀਆ ਬਾਪ ਜਾਂ ਮਰਦ ਪ੍ਰਧਾਨ ਸਮਾਜ ਸੀ।

ਹੜੱਪੇ ਦੀ ਲਿੱਪੀ ਅੱਜ ਤੱਕ ਸੰਸਾਰ ਵਿੱਚ ਪੜੀ ਨਹੀ ਜਾ ਸਕੀ। ਇਸ ਨਾਲ ਹੜੱਪਾ ਸਮਾਜ ਦੀ ਅੜਾਉਣੀ ਅਜੇ ਤੱਕ ਬੁੱਝੀ ਨਹੀ ਗਈ। ਮੌਜੂਦਾ ਲੱਭਤਾ ਤੋਂ ਪਤਾ ਲੱਗਦਾ ਹੈ ਕਿ ਦਾਹਕ ਨੇ ਈਰਾਨ

ਤੇ ਫਤਹਿ ਹਾਸਿਲ ਕੀਤੀ ਹੈ। ਉਸਨੇ ਤੱਖਸਿਲਾ ਵਸਾਈ ਹੈ ਅਤੇ ਉਸਦੇ ਵਾਰਸਾ ਨੇ ਅੱਜ ਤੋਂ 3000 ਵਰੇ ਪਹਿਲਾ ਤੱਖਸਿਲਾ ਯੂਨੀਵਰਸੀਟੀ ਖੋਲੀ। ਇਸ ਤੋਂ ਪਹਿਲਾ ਇੰਡੀਅਨ ਸਬ-ਕੰਟੀਨੈਂਟ ਵਿੱਚ ਕਿਸੇ ਹੋਰ ਨੇ ਪਹਿਲ ਨਹੀ ਕੀਤੀ। ਅਲੈਗਜ਼ੈਂਡਰ ਕਨਿੰਘਮ ਦੇ ਅਨੁਸਾਰ ਟਾਕਰੀ ਦੇ ਨਮੂਨੇ 26 ਥਾਵਾਂ ਤੋਂ ਮਿਲੇ ਹਨ। ਕਲ੍ਹਣ ਪੰਡਿਤ ਦੀ 12ਵੀ ਸਦੀ ਦੀ ਰਚਨਾਂ **'ਰਾਜ ਤ੍ਰਿੰਗਣੀ'** ਸੰਸਕ੍ਰਿਤ ਬੋਲੀ ਵਿੱਚ ਮਿਲੀ ਹੈ, ਜਿਸ ਦੀ ਲਿੱਪੀ ਟਾਕਰੀ ਹੈ। ਪੰਜਾਬ ਦਾ ਪੁਰਾਣਾ ਨਾਮ ਟੱਕ ਦੇਸ਼ ਵੀ ਸੀ। ਜਿਵੇਂ ਪੰਜਾਬ ਤੋਂ ਪੰਜਾਬੀ ਏਦਾਂ ਹੀ ਟੱਕ ਤੋਂ ਟਾਕਰੀ ਸ਼ਬਦ ਦੀ ਉੱਤਪਤੀ ਹੋਈ ਹੈ। ਇਹਨਾਂ ਖੋਜਾਂ ਤੋਂ ਸਾਬਤ ਹੋ ਚੁੱਕਾ ਹੈ ਕਿ ਟਾਕਰੀ ਲਿੱਪੀ ਹਜ਼ਾਰਾ ਵਰੇ ਪੁਰਾਣੀ ਲਿੱਪੀ ਹੈ। ਕੁੱਲੂ ਦੇ ਨੇੜੇ ਇੱਕ ਪਿੰਡ ਦੇ ਮੰਦਰ ਦੀਆਂ ਕੰਧਾਂ ਉੱਤੇ ਟਾਕਰੀ ਲਿੱਪੀ ਪੜੀ ਗਈ ਅਤੇ ਇਹ ਲਿੱਪੀ 'ਖੁਸ਼ਦਿਲ' ਹੋਨਾ ਨੇ ਪੜ੍ਹੀ ਹੈ। ਮੰਦਰ ਦੀ ਕੰਧ ਉੱਤੇ ਟਾਕਰੀ ਲਿੱਪੀ ਵਿੱਚ 57 ਬਿਕਰਮੀ ਲਿਖਿਆ ਹੋਇਆ ਹੈ।

ਸਾਡੇ ਵਡਾਰੂਆਂ ਨੇ ਸਾਨੂੰ ਨਸ਼ਿਆ ਤੋਂ ਰੋਕਿਆ ਅਤੇ ਕ੍ਰਿਤ ਕਰਨ ਦੀ ਸਿੱਖ ਦਿੱਤੀ ਹੈ। ਜਿਵੇਂ ਗੰਗਾ ਦੇ ਪਾਣੀ ਨਾਲ ਵੀ ਸ਼ਰਾਬ ਕੱਢੀ ਜਾਵੇ ਤਾਂ ਵੀ ਪੀਣ ਯੋਗ ਨਹੀ ਹੈ। ਸ਼ਰਾਬ ਅਤੇ ਹੋਰ ਕਿਸਮ ਦੇ ਨਸ਼ਿਆਂ ਤੋਂ ਪਰੇ ਰਹਿਣ ਦੀ ਸਿੱਖਿਆਂ ਦਿੱਤੀ ਹੈ। ਸੱਭ ਤੋ ਪਹਿਲਾ ਵਿੱਦਿਆ ਪੜਨੀ ਹੈ ਤਾਂ ਕਿ ਤੁਹਾਡੇ ਬੁੱਧੀ ਵਿਵੇਕ ਰੂਪ ਮੱਧਮ ਨਾ ਪੈ ਜਾਵੇ। ਗੱਭਰੂਆਂ ਅਤੇ ਮੁਟਿਆਰਾਂ ਨੇ ਸਮਾਜ ਦੀ ਬਾਗ ਸੰਭਾਲਣੀ ਹੈ। ਬੁੱਢਿਆਂ ਨੇ ਤਾਂ ਜੱਗ ਤੋਂ ਚਲੇ ਜਾਣਾ ਹੈ। ਉਹਨਾਂ ਤੋਂ ਚੰਗੀਆਂ ਗੱਲਾਂ ਸਿੱਖ ਲਵੋਂ ਜਿਹੜੀਆ ਜੀਵਨ ਵਿੱਚ ਰਹਨੁਮਾਈ ਕਰ ਸਕਦੀਆਂ ਹਨ ਨਹੀ ਤਾਂ ਚਿੜੀਆਂ ਚੁੱਗ ਗਈਆਂ ਖੇਤ ਵਾਲੀ ਗੱਲ ਹੋਵੇਗੀ।

ਨਾਜਰ ਸਿੰਘ

# ਜੀਵਨ ਝਾਤ

ਗਿਆਨੀ ਨਾਜਰ ਸਿੰਘ ਜੀ ਪੰਜਾਬੀ ਜਗਤ ਦੀ ਉਹ ਸ਼ਖਸੀਅਤ ਹਨ ਜਿਨਾ ਨੇ ਆਪਣੀ ਉਮਰ ਦੇ 52 ਸਾਲ ਪੰਜਾਬੀ ਬੋਲੀ ਅਤੇ ਭਾਸ਼ਾ ਵਿਗਿਆਨ ਦੀ ਖੋਜ ਨੂੰ ਦਿੱਤੇ ਹਨ ਤੇ ਇਹ ਕਿਤਾਬ ਇੰਨੇ ਸਾਲਾ ਦੀ ਕਮਾਈ ਦਾ ਨਿਚੋੜ ਹੈ। ਆਪ ਜੋਧੇਵਾਲ ਬਸਤੀ ਸਕੂਲ ਦੇ ਕਈ ਸਾਲ ਪ੍ਰਧਾਨ ਵੀ ਰਹੇ। ਭਾਵੇ ਕਿ ਉਹ ਪੁਰਾਣੀਆ ਪੰਜ  ਜਮਾਤਾ ਹੀ ਪੜ੍ਹੇ ਸਨ ਤੇ ਪਿਤਾ ਪੁਰਖੀ ਜੁਲਾਹਾਂ ਕੰਮ ਕਰਦੇ ਰਹੇ ਤੇ ਕਰ ਰਹੇ ਹਨ ਪਰ ਉਨ੍ਹਾਂ ਨੇ ਆਪਣੀ ਪੜ੍ਹਾਈ ਜਾਰੀ ਰੱਖੀ ਤੇ ਵਿਦਵਾਨਾਂ ਵਿਚ ਵਿਚਰਦੇ ਰਹੇ। ਉਨ੍ਹਾ ਦੇ ਬਹੁਤ ਸਾਰੀਆ ਰਚਨਾਵਾ ਅਖਬਾਰਾਂ ਛਪ ਵਿੱਚ ਵੀ ਚੁੱਕੀਆ ਹਨ।

ਆਪਣੀ ਉਮਰ ਦਾ ਵੱਡਾ ਹਿੱਸਾ ਗਿਆਨੀ ਨਾਜਰ ਸਿੰਘ ਜੀ ਨੇ ਪੰਜਾਬੀ ਭਾਸ਼ਾ ਦੇ ਲੇਖੇ ਲਾਇਆ ਹੈ, ਜਿਸ ਦੌਰਾਨ ਉਹਨਾ ਨੇ ਬਹੁਤ ਸਾਰੇ ਵਿਦਵਾਨਾਂ ਨਾਲ ਭਾਸ਼ਾ, ਗਰਾਮਰ, ਧਾਰਮਿਕ, ਰਾਜਨੀਤਿਕ, ਸਮਾਜਿਕ ਤੇ ਹੋਰ ਵਿਸ਼ਿਆ ਤੇ ਚਰਚਾ ਕੀਤੀ। ਆਪ ਕੁਝ ਸਮਾ ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਨਾਲ ਵੀ ਰਹੇ ਜਿਥੇ ਪ੍ਰੋ. ਨਰੈਣ ਸਿੰਘ ਹੁਣਾ ਨਾਲ ਵੀ ਚਰਚਾਵਾਂ ਕੀਤੀਆ। ਇਸ ਤੋ ਇਲਾਵਾ ਸੁਹਿੰਦਰ ਸਿੰਘ ਵਣਜਾਰਾ ਬੇਦੀ ਦੇ ਨਾਲ ਦਿੱਲੀ ਉਹਨਾ ਦੇ ਘਰ ਚਰਚਾਵਾਂ ਕੀਤੀਆ। ਇਨ੍ਹਾਂ ਤੋ ਇਲਾਵਾ ਪੰਜਾਬੀ, ਹਿੰਦੀ, ਅਰਬੀ, ਫਾਰਸੀ, ਮਹਾਨਕੋਸ਼, Archeology books ਅੰਗਰੇਜੀ, ਦ੍ਰਾਵਿੜ, ਸਿੰਧੀ, ਕਸ਼ਮੀਰੀ, ਸੰਸਕ੍ਰਿਤ, ਯੂਨਾਨੀ, ਇੰਡੋ-ਯੂਰਪੀਅਨ, ਪ੍ਰਾਕ੍ਰਿਤਾਂ, ਚਾਇਨੀਜ਼, ਜਪਾਨੀ ਤੇ ਹੋਰ ਭਸ਼ਾਵਾਂ ਦੀ ਡਿਕਸ਼ਨਰੀਆ ਤੇ ਗਰੈਮਰਾਂ ਦਾ ਅਧਿਐਨ ਵੀ ਕੀਤਾ। ਆਪਣੇ ਹੁਣ ਤਕ ਦੇ ਸਫਰ ਵਿਚ ਉਨਾ ਨੇ ਭਗਤ ਪੂਰਨ ਸਿੰਘ ਜੀ ਪਿੰਗਲਵਾੜਾ (1980-82), ਡਾ. ਜਾਕਿਰ ਹੁਸੈਨ ਨਕਵੀ, Ph.D (Head of the Persian department), ਪੰਜਾਬੀ ਯੂਨੀਵਰਸਿਟੀ ਪਟਿਆਲਾ before 1991, ਡਾ. ਗੁਲਵੰਤ ਸਿੰਘ, Ph.D Persian, ਪੰਜਾਬੀ ਯੂਨੀਵਰਸਿਟੀ ਪਟਿਆਲਾ (1985-86), ਡਾ. ਕਰਮਜੀਤ ਸਿੰਘ ਰੀਡਰ ਪੰਜਾਬੀ ਯੂਨੀਵਰਸਿਟੀ ਪਟਿਆਲਾ (1996-97), ਡਾ. ਪੁਆਰ (Ph.D. in Linguistic) ਪੰਜਾਬੀ

ਯੂਨੀਵਰਸਿਟੀ ਪਟਿਆਲਾ, ਡਾ. ਪ੍ਰੇਮ ਪ੍ਰਕਾਸ਼ ਸਿੰਘ (1985-86), ਡਾ. ਜਸਵੀਰ ਸਿੰਘ ਆਹਲੂਵਾਲੀਆ, ਡਾ. ਜਸਵੀਰ ਸਿੰਘ ਸਾਬਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ (1985), ਡਾ. ਸੁਰਿੰਦਰ ਸਿੰਘ ਦੁਸਾਂਝ, ਪੰਜਾਬੀ ਭਵਨ ਲੁਧਿਆਣਾ (1975), ਡਾ. ਗੁਰਭਜਨ ਗਿੱਲ ਪੰਜਾਬੀ ਭਵਨ ਲੁਧਿਆਣਾ ਜਦੋ ਉਹ M.A. (Govt.college Ludhiana) ਕਰਦੇ ਸੀ, ਡਾ. ਨਵਲ ਵਿਜੋਗੀ (D.Lit. from USA), ਡਾ. ਮਹਿੰਦਰ ਸਿੰਘ ਸਰਕਾਰੀ ਕਾਲਜ ਲੁਧਿਆਣਾ (1978), ਪ੍ਰੋਫੈਸਰ ਨੂਰਲਾ ਵਾਇਸ ਪ੍ਰਿਸੀਪਲ ਸਰਕਾਰੀ ਕਾਲਜ ਲੁਧਿਆਣਾ (1985), ਡਾ. ਜੀ. ਐਸ. ਰਿਆਲ ਨੇੜੇ ਟਾਡਾਂ, ਬਸੀ ਜਲਾਲ (1985), ਡਾ. ਸ਼ਹਿਰਯਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੰਤ ਸਿੰਘ ਸੇਖੋਂ, ਡਾ. ਮਹੀਪ ਸਿੰਘ ਦਿੱਲੀ ਵਿਖੇ, ਡਾ. ਸੁਰਜੀਤ ਸਿੰਘ ਪਾਤਰ ਜਦੋ Head clerk ਸੀ ਪੰਜਾਬੀ ਭਵਨ ਲੁਧਿਆਣਾ ਵਿਖੇ, ਡਾ. ਸੰਗਤ ਸਿੰਘ ਨਾਲ ਬਾਵਨ ਅੱਖਰੀ ਸਬੰਧੀ ਚਰਚਾ, ਪ੍ਰੋ. ਦਰਸ਼ਣ ਸਿੰਘ ਨਿਰਵੈਰ ਸਰਕਾਰੀ ਕਾਲਜ ਹੁਸ਼ਿਆਰਪੁਰ, ਸਾਧੂ ਸਿੰਘ ਹਮਦਰਦ ਮਿੰਟਗੁੰਮਰੀ ਕਾਲਜ ਜਲੰਧਰ ਕਾਨਫਰੰਸ਼ (1981), ਡਾ. ਚੀਮਾ ਰਿਟਾਇਰ ਡਿਪਟੀ ਡਇਰੈਕਟਰ ਐਗਰੀਕਲਚਰ ਚੰਡੀਗੜ (ਹੁਣ ਕਨੇਡਾ), ਡਾ. ਵਿਰਕ ਪੰਜਾਬੀ ਯੂਨੀਵਰਸਿਟੀ ਪਟਿਆਲਾ (ਡੀ.ਐਸ.ਸੀ), ਡਾ. ਪ੍ਰੀਤਮ ਸਿੰਘ ਰਾਹੀ D.Sc. and Ph.D in Sanskrit (Ex. Principal Barnala College), ਡਾ. ਪਰਮਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ 13-14 ਸਾਲ ਪਹਿਲਾ, ਡਾ. ਅਮਰਵੰਤ ਸਿੰਘ Ph.D in Persian (ਮਲੇਰਕੋਟਲਾ ਸੰਸਥਾ), ਡਾ. ਹਰਕੀਰਤ ਸਿੰਘ (1985-86), ਡਾ. D.C. Jain Ph.D in pali ਕਰੂਕਸ਼ੇਤਰ ਯੂਨੀਵਰਸਿਟੀ, ਢਾਡੀ ਸੋਹਣ ਸਿੰਘ ਸ਼ੀਤਲ, ਡਾ. ਜੋਗਾ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸ਼ਰਮਾ (lady) Ph.D in Dogri (ਜੰਮੂ ਯੂਨੀਵਰਸਿਟੀ) ਅਤੇ ਸਰਦਾਰ ਅਮਰੀਕ ਸਿੰਘ ਪੰਜਾਬੀ ਐਡੀਟਰ (ਜੰਮੂ ਯੂਨੀਵਰਸਿਟੀ), ਡਾ.ਪਰਮਿੰਦਰ ਸਿੰਘ ਰਿਟਾਇਰ ਪ੍ਰਿਸੀਪਲ, ਪੰਜਾਬੀ ਭਵਨ ਲੁਧਿਆਣਾ ਵਿਖੇ Ph.D. ਕਰਦਿਆ ਹੋਇਆ (1980), ਸਰਦਾਰਾ ਸਿੰਘ ਜੌਹਲ਼ (ਤਦ ਚੇਅਰਮੈਨ ਪੰਜਾਬੀ ਭਵਨ), ਇੰਦਰਜੀਤ ਸਿੰਘ ਘੱਗਾ, ਡਾ. ਮੁਲਖਰਾਜ Ph.D in Hindi (1985), ਜੈਨੀ ਸੰਤ ਰਤਨ ਮੁਨੀ ਲੁਧਿਆਣਾ, ਡਾ.ਸਿਗਲਾ Ph.D in Hindi Linguistic ਲੁਧਿਆਣਾ(1985), ਡਾ. ਪ੍ਰੇਮ ਸਿੰਘ (D.Sc.and Ph.D in Linguistic), ਸਾਧੂ ਆਸ਼ਰਮ ਹੁਸ਼ਿਆਰਪੁਰ ਡਾ. ਤਰਲੋਚਨ ਸਿੰਘ ਬਿੰਦਰਾ Ph.D in Sanskrit

(1985-86), ਡਾ. ਘਣਸ਼ਿਆਮ ਉਨਿਆਲ Ph.D Sanskrit (1985-86), ਡਾ. ਮੁਨੀਸ਼ਵਰ ਦੇਵ Ph.D ਵੇਦਾਂਤ (1985-86), ਡਾ. ਕਿਸ਼ਨ ਸਿੰਘ ਹੁਸ਼ਿਆਰਪੁਰ, ਪ੍ਰੋ. ਨਰੈਣ ਸਿੰਘ (1980-81), ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਪੰਜਾਬੀ ਭਵਨ ਲੁਧਿਆਣਾ ਵਿਖੇ, ਏ.ਆਰ. ਦਰਸੀ Rtd. PCS Officer, ਸੰਸਕ੍ਰਿਤ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਐਸ. ਐਲ. ਵਿਰਦੀ ਤੇ ਹੋਰਾ ਨਾਲ ਚਰਚਾਵਾਂ ਕੀਤੀਆ।

ਨਾਜਰ ਸਿੰਘ ਜੀ ਦੇ ਵਿੱਦਿਆ ਨਾਲ ਪਿਆਰ ਕਾਰਨ ਇਕ ਵਾਰ ਉਨ੍ਹਾਂ ਦੀ ਜਾਨ ਤੇ ਬਣ ਆਈ ਸੀ ਜਦੋ ਖਾੜਕੂਵਾਦ ਦੇ ਸਮੇ ਜਲੰਧਰ ਉਹ ਕੋਈ ਕਿਤਾਬ ਲੈਣ ਗਏ ਸਨ ਤੇ ਪੁਲਿਸ ਨੇ ਉਨਾ ਨੂੰ ਖੁੱਲਾ ਦ੍ਹਾੜਾ ਦੇਖਕੇ ਚੁੱਕ ਕੇ ਲੈ ਗਈ ਸੀ ਤੇ ਘੰਟਿਆ ਪੁੱਛ-ਤਾਸ ਤੋਂ ਬਾਅਦ ਛੱਡਿਆ ਸੀ।

ਉਹਨਾਂ ਦੀ ਉੱਚੀ ਸੋਚ ਅਤੇ ਸਾਦਗੀ ਨੇ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਅਤੇ ਉਹਨਾਂ ਦੀ ਉੱਚੀ ਸੋਚ ਰਹਨੁਮਾਈ ਸਦਕਾਂ ਬਹੁਤ ਸਾਰੇ ਨੌਜਵਾਨ ਉੱਚੇ ਅਹੁਦਿਆ ਤੇ ਕੰਮ ਕਰ ਰਹੇ ਹਨ ਜਿਵੇ : ਕੋਈ ਵਕੀਲ਼ ਹੈ, ਕੋਈ ਇੰਜੀਨੀਅਰ ਹੈ, ਕੋਈ ਡਾਕਟਰ, ਕੋਈ ਟੀਚਰ, ਕੋਈ ਇੰਸਪੈਟਰ ਹੈ, ਅਤੇ ਕੋਈ ਰਿਸਰਚ ਅਦਿ ਤੇ ਕੰਮ ਕਰ ਰਹੇ ਹਨ। ਨਾਜਰ ਸਿੰਘ ਜੀ ਨੇ ਸਮਾਜ ਵਿੱਚ ਬਹੁਤ ਸਾਰਿਆ ਨੂੰ ਉੱਚ ਵਿੱਦਿਆ ਹਾਸਿਲ ਕਰਨ ਦਾ ਹੋਕਾ ਵੀ ਦਿੱਤਾ ਅਤੇ ਨਾਲ ਹਮੇਸ਼ਾਂ ਇਸ ਗੱਲ ਤੇ ਜ਼ੋਰ ਦਿੰਦੇ ਰਹੇ ਕਿ ਪੜ੍ਹਾਈ ਕਿੰਨੀ ਵੀ ਮਹਿੰਗੀ ਅਤੇ ਮੁਸ਼ਕਿਲ਼ ਕਿਉਂ ਨਾ ਹੋਏ ਸਾਨੂੰ ਹਮੇਸ਼ਾ ਹੀ ਉੱਚ ਵਿੱਦਿਆ ਪ੍ਰਾਪਤ ਕਰਨ ਦਾ ਯਤਨ ਕਰਨਾਂ ਚਾਹੀਦਾ ਹੈ।

ਇਹ ਕਿਤਾਬ ਉਨਾ ਵਿਦਵਾਨਾਂ ਲਈ ਜਵਾਬ ਹੈ ਜੋ ਅੱਜ ਵੀ ਵੇਦ ਸੰਸਕ੍ਰਿਤ ਨੂੰ ਪੰਜਾਬੀ ਭਾਸ਼ਾ ਦੀ ਮਾਂ ਮੰਨਦੇ ਹਨ। ਇਹ ਕਿਤਾਬ ਭਾਸ਼ਾ ਵਿਗਿਆਨ ਤੇ ਪੰਜਾਬੀ ਦੇ ਸਕਾਲਰਾਂ ਲਈ ਚਾਨਣ ਮੁਨਾਰਾ ਹੋਵੇਗੀ ਤੇ ਅਸੀ ਏਸ ਕੰਮ ਲਈ ਉਨ੍ਹਾਂ ਦੇ ਰਿਣੀ ਹਾਂ ਤੇ ਵਧਾਈ ਦਿੰਦੇ ਹਾ।

Buta Singh Pasla

**ਬੂਟਾ ਸਿੰਘ ਪਾਸਲਾ**
Advocate (Jalandhar)

Raj kumar.

**ਰਾਜਕੁਮਾਰ**
(ਫੂਡ ਇੰਸਪੈਕਟਰ)
B.A. (with Honour.), M.A (Geog.),
M.A (Pol.Science), M.Sc. (IT)

# ਤੱਤਕਰਾ


- ਜਾਣ ਪਛਾਣ *iii*
- ਜੀਵਨ ਝਾਤ *vii*
- ਸ਼ਬਦ ਵਿਚਾਰ 1
- ਪੰਜਾਬ ਦਾ ਪਿਛੋਕੜ 5
- ਪੰਜਾਬੀ ਬੋਲੀ ਦਾ ਮੁੱਢ 20
- ਗੁਰਮੁਖੀ ਦਾ ਪਿਛੋਕੜ 31
- ਪੰਜਾਬੀ ਬੋਲੀ ਦੀ ਚੜ੍ਹਤ 43
- ਦੇਸੀ ਬੋਲੀਆ ਬਾਰੇ ਵਿਦਵਾਨਾਂ ਦਾ ਦਵੰਦ 52
- ਪੰਜਾਬੀ ਅਤੇ ਸੰਸਕ੍ਰਿਤ 59
- ਪੰਜਾਬੀ ਅਤੇ ਸੰਸਕ੍ਰਿਤ-2 65
- ਪੰਜਾਬੀ ਅਤੇ ਪ੍ਰਾਕ੍ਰਿਤਾਂ 76
- ਪੰਜਾਬੀ ਧੁਨੀ ਵਿਗਿਆਨ 87

# ਸ਼ਬਦ ਵਿਚਾਰ

**Grammar** ਅਨੁਸਾਰ ਸ਼ਬਦ ਦੀ ਬਣਤਰ ਕਿਵੇ ਹੁੰਦੀ ਹੈ? ਅਤੇ ਉਸਦਾ ਮਨੋਰਥ ਕੀ ਹੈ? ਸ਼ਬਦ ਨੂੰ ਮੋਟੇ ਤੌਰ ਤੇ ਦੋ ਹਿੱਸਿਆਂ ਵਿੱਚ ਵੰਡਿਆਂ ਜਾ ਸਕਦਾ ਹੈ। ਇੱਕ ਧੁਨੀਆਤਮਕ ਦੂਜਾ ਵਰਣਾਤਮਕ ਆਦਿ। ਧੁਨੀ ਵਾਲੇ ਸ਼ਬਦ ਸਾਜ ਵਜਾ ਕੇ ਪ੍ਰਗਟ ਕੀਤੇ ਜਾ ਸਕਦੇ ਹਨ ਅਤੇ ਵਰਣਾਤਮਕ ਮੂੰਹ ਨਾਲ ਬੋਲਕੇ ਪ੍ਰਗਟ ਕੀਤੇ ਜਾਦੇ ਹਨ। ਸੰਗੀਤ ਦੇ ਭਾਰਤੀ ਮਾਹਿਰਾ ਨੇ ਸੰਗੀਤ ਦੀਆਂ ਸੱਤ ਧੁਨਾਂ ਮੰਨੀਆਂ ਹਨ। ਯੂਰਪੀ ਸੰਗੀਤ ਮਾਹਿਰਾਂ ਨੇ ਸੰਗੀਤ ਦੀਆਂ ਬਾਰਾਂ ਧੁਨਾਂ ਮੰਨੀਆਂ ਹਨ।

**ਸ਼ਬਦ ਅਨਿਤ ਹੈ ਜਾਂ ਨਿੱਤ** - ਭਾਰਤ ਦੀ ਪੁਰਾਣੀ ਫਿਲਾਸਫੀ ਨੂੰ ਛੇ ਦਰਸ਼ਨ ਕਹਿੰਦੇ ਹਨ। ਉਨਾਂ ਵਿੱਚੋਂ ਇੱਕ ਦਰਸ਼ਨ ਨਿਆਂ ਦਰਸ਼ਨ ਹੈ। ਜੋ ਸ਼ਬਦ ਨੂੰ ਅਨਿਤ ਮੰਨਦਾ ਹੈ- **ਅਨਿਤ ਸ਼ਬਦ ਉਹ ਸ਼ਬਦ ਜਿਹੜਾ ਪੈਦਾ ਹੁੰਦਾ ਹੈ ਅਤੇ ਮੁੱਕ ਜਾਂਦਾ ਹੈ। ਨਿੱਤ ਸ਼ਬਦ ਉਹ ਸ਼ਬਦ ਹੈ ਜਿਹੜਾ ਸਦਾ ਮੌਜੂਦ ਰਹਿੰਦਾ ਹੈ।** ਪਾਣਿਨੀ ਜੋ ਕਿ ਸੰਸਕ੍ਰਿਤ **Grammarian** ਹੈ, ਨੇ ਆਪਣੀ ਪੁਸਤਕ **ਅਸਟ ਅਧਿਆਇ** ਵਿੱਚ ਸ਼ਬਦ ਨੂੰ ਨਿੱਤ ਮੰਨਿਆਂ ਹੈ।

**ਗੁਰਬਾਣੀ ਵਿੱਚ ਸ਼ਬਦ ਨੂੰ ਪੰਜ ਪ੍ਰਕਾਰ ਦਾ ਮੰਨਿਆਂ ਗਿਆ ਹੈ।** ਇਹ ਪੰਜ ਪ੍ਰਕਾਰ ਇਸ ਤਰਾਂ ਹਨ-**ਤਤੁ, ਵਿੱਤ, ਅਰ, ਚਰਮੁੱਖਾ, ਘਣੁ ਕਾਸਿ ਕੋ ਜਾਣਿ**। ਤਤੁ ਤੰਤੀ ਸਾਜਾ ਨੂੰ ਕਿਹਾ ਜਾਂਦਾ ਹੈ। **ਵਿਤੁ** ਫੂਕ ਨਾਲ ਵੱਜਣ ਵਾਲੇ ਸਾਜਾ ਨੂੰ ਕਿਹਾ ਜਾਂਦਾ ਹੈ। **ਚਰਮੁਖਾ** ਚਮੜੇ ਨਾਲ ਮੜੇ ਸਾਜਾਂ ਨੂੰ ਕਿਹਾ ਜਾਂਦਾ ਹੈ। **ਘਣੁ** ਬੱਦਲ ਗੱਜਣ ਦੀ ਆਵਾਜ਼

ਨੂੰ ਕਿਹਾ ਜਾਂਦਾ ਹੈ। ਪੰਜਵਾਂ **ਜਲ ਤਰੰਗ** ਸਾਜ ਦੀ ਧੁਨੀ ਨੂੰ ਮੰਨਿਆਂ ਗਿਆ ਹੈ।

**ਗੁਰਬਾਣੀ ਵਿੱਚ ਅੱਖਰ ਅਤੇ ਸ਼ਬਦ ਦੇ ਹਵਾਲੇ ਨਾਲ ਵਰਣਨ ਕੀਤਾ ਹੈ।** ਇਹ ਅਖਰ ਖੁਰ ਜਾਇਗੇ ਉਹ ਅਖਰ ਉਨ ਮੇਂ ਨਾਹਿ। ਜਿਸ ਦਾ ਭਾਵ ਇਹ ਹੈ ਕਿ ਸੰਸਕ੍ਰਿਤ ਅੱਖਰ ਖੁਰ ਜਾਣਗੇ ਭਾਵ ਨਸ਼ਟ ਹੋ ਜਾਣਗੇ। ਜਿਸ ਅੱਖਰ ਦੀ ਅਸੀ ਗੱਲ ਕਰਦੇ ਹਾਂ ਉਹ ਅੱਖਰ ਹੈ, ਭਾਵ ਨਾ ਨਸ਼ਟ ਹੋਣ ਵਾਲਾ। ਨਿਰਗੁਣਵਾਦ ਅਨੁਸਾਰ ਇਹ ਅੱਖਰ ਈਸ਼ਵਰ ਤੇ ਢੁਕਾਇਆ ਗਿਆ ਹੈ। ਜਿਹੜਾ ਵੱਧ-ਘੱਟ ਨਹੀ ਹੁੰਦਾ ਭਾਵ ਖੁਰਦਾ ਨਹੀ ਹੈ। ਭਾਵ ਕਿ ਅੱਖਰ ਦਾ ਮਤਲਵ ਅਣ-ਖੁਰ ਹੈ। ਪਰ ਸੰਸਕ੍ਰਿਤ ਅੱਖਰ ਖੁਰਦਾ ਹੈ ਭਾਵ ਨਸ਼ਟ ਹੁੰਦਾ ਹੈ। ਨਿਰਗੁਣਵਾਦੀ ਸੰਤਾਂ ਨੇ **Grammarians** ਦੀ ਸ਼ਬਦਾਵਲੀ ਦੇ **Symbol** ਲੈ ਕੇ ਆਪਣੇ ਸਿਧਾਂਤ ਨੂੰ ਬਿਆਨ ਕੀਤਾ ਹੈ ਜਿਵੇ : **ਸਬਦੇ ਧਰਤਿ ਸਬਦ ਅਗਾਸ ਸਬਦੈ ਸਬਦੁ ਭਇਆ ਪਰਗਾਸ।** ਭਾਵ ਸਾਡਾ ਸਬਦ (ਭਾਵ ਵਾਹਿਗੁਰੂ) ਧਰਤੀ ਅਤੇ ਅਕਾਸ਼ ਵਿੱਚ ਮੌਜੂਦ ਹੈ। ਇਸੇ ਸ਼ਬਦ ਨਾਲ ਹੀ ਸੌਰ ਮੰਡਲ ਪ੍ਰਕਾਸ਼ ਹੋਇਆ ਹੈ ਅਤੇ ਉਹ ਘਟ-ਘਟ (**Species**) ਵਿੱਚ ਛਾਇਆ ਹੋਇਆ ਹੈ।

ਉਪਰੋਕਤ ਤੋਂ ਭਾਵ ਇਹ ਹੈ ਕਿ ਉਹਨਾਂ ਨੇ ਗੁਰਬਾਣੀ ਵਿੱਚ ਸ਼ਬਦਵਾਦੀਆਂ (**Grammarian**) ਦਾ ਖੰਡਨ ਕੀਤਾ ਹੈ। ਕਿਉਂਕਿ ਸੰਸਕ੍ਰਿਤ ਅੱਖਰਾਂ ਅਤੇ ਸ਼ਬਦਾਂ ਵਿੱਚ ਇੰਨੀ ਸਮਰੱਥਾ ਨਹੀ ਹੈ ਕਿ ਉਹ ਆਪਣੇ ਆਪ ਨੂੰ ਬਚਾ ਸਕਣ (ਭਾਵ ਸਥਿਰ ਰੱਖ ਸਕਣ) ਅਤੇ ਧਰਤੀ ਅਤੇ ਅਕਾਸ਼ ਵਿੱਚ ਮੌਜੂਦ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀ ਹੁੰਦਾ।

ਸੰਸਾਰਿਕ ਗ੍ਰੰਥ, ਸ਼ਾਸ਼ਤਰ ਅਤੇ ਪੋਥੀਆਂ ਪੁਰਾਣੀਆਂ ਹੋ ਕੇ ਜ਼ਰਜਰੀਆਂ ਹੋ ਜਾਂਦੀ ਆਂ ਹਨ ਅਤੇ ਕਾਲਂਤਰ ਵਿੱਚ ਵਿਨਾਸ਼ ਹੋ ਜਾਂਦੀਆਂ ਹਨ। **ਸੰਸਕ੍ਰਿਤ ਵਿੱਚ ਅਹਤ ਅਤੇ ਅਣ-ਅਹਤ ਦੇ ਹਵਾਲੇ**

**ਨਾਲ ਸ਼ਬਦ ਮਿਲਦੇ ਹਨ।** ਅਹਤ ਦਾ ਭਾਵ ਸੱਟ ਮਾਰਨੀ ਅਤੇ ਅਣ-ਅਹਤ ਦਾ ਮਤਲਬ ਨਾ-ਸੱਟ ਮਾਰਨੀ। **ਸੰਸਕ੍ਰਿਤ ਦੇ ਅਣ-ਅਹਤ ਸ਼ਬਦ ਦਾ ਤਦਭਵ ਰੂਪ ਗੁਰਬਾਣੀ ਵਿੱਚ ਅਨਹਦ ਦੇ ਰੂਪ ਵਿੱਚ ਮਿਲਦਾ ਹੈ।** ਸੰਸਾਰ ਵਿੱਚ ਜਿੰਨੇ ਵੀ ਸਾਜ ਹਨ ਉਹ ਆਹਤ ਮੰਨੇ ਜਾਂਦੇ ਹਨ। ਕਿਉਕਿ ਉਹਨਾਂ ਨੂੰ ਵਜਾਉਣ ਲਈ ਅਹਤ ਕੀਤਾ ਜਾਂਦਾ ਹੈ ਭਾਵ ਕਿ ਸੱਟ ਮਾਰੀ ਜਾਂਦੀ ਹੈ। ਅਣਅਹਤ (ਅਨਹਦ) ਉਹ ਸ਼ਬਦ ਹੈ ਜਿਹੜਾ ਕਿਸੇ ਆਹਤ ਅਧੀਨ ਨਹੀ ਹੈ। **ਇਹ ਸ਼ਬਦ ਸਿਰਫ ਵਾਹਿਗੁਰੂ ਤੇ ਹੀ ਢੁੱਕਦਾ ਹੈ।**

ਸ਼ਬਦ ਦੇ ਪੈਦਾ ਹੋਣ ਦੇ ਕੁਝ ਕਾਰਣ ਹਨ ਜਿਹਨਾਂ ਨੂੰ ਇਸ ਪ੍ਰਕਾਰ ਵੰਡਿਆਂ ਜਾ ਸਕਦਾ ਹੈ :

1. ਦੋ ਵਸਤੂਆਂ ਦੇ ਟਕਰਾਅ ਨਾਲ ਪੈਦਾ ਹੋਣ ਵਾਲਾ ਸ਼ਬਦ।
2. ਦੋ ਵਸਤੂਆਂ ਦੇ ਪਾਟਣ ਤੋਂ ਪੈਦਾ ਹੋਣ ਵਾਲਾ ਸ਼ਬਦ।
3. ਪ੍ਰਤੀ ਧੁਨੀ (ਮੋੜਵੀਂ ਆਵਾਜ਼) ਜਿਵੇਂ ਖੂਹ ਵਿੱਚ ਇੱਟ ਸੁੱਟਣ ਤੋਂ ਪੈਦਾ ਹੋਈ ਆਵਾਜ਼।
4. ਸਮੁੰਦਰ ਕੰਢੇ ਇੱਕ ਥਾਂ ਤੋਂ ਪੈਦਾ ਹੋ ਕੇ ਦੂਰ ਕੰਢੇ ਵੱਜਦੀਆਂ ਛੱਲਾਂ ਤੋਂ ਪੈਦਾ ਹੋਈ ਆਵਾਜ਼।

ਮੂੰਹ ਥੀਂ ਬੋਲੀ ਜਾਣ ਵਾਲੀ ਬੋਲੀ ਦੇ ਅੱਖਰ ਵੱਧ ਘੱਟ ਹੁੰਦੇ ਹਨ। ਅਰਥਾਤ ਵੱਖੋ-ਵੱਖ ਬੋਲੀਆਂ ਵਿੱਚ ਵੱਧ-ਘੱਟ ਅੱਖਰ ਹੁੰਦੇ ਹਨ। ਕਿਸੇ ਵਿੱਚ ਕੋਈ ਧੁਨੀ ਦੀ ਘਾਟ ਹੁੰਦੀ ਹੈ ਅਤੇ ਕਿਸੇ ਵਿੱਚ ਕੁਝ ਹੋਰ ਘਾਟ ਹੁੰਦੀ ਹੈ। ਸੰਸਾਰ ਵਿੱਚ ਹਜ਼ਾਰਾਂ ਬੋਲੀਆਂ ਬੋਲੀਆ ਜਾਂਦੀਆਂ ਹਨ। ਜਿਨਾਂ ਵਿੱਚੋ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਹੁੰਦੀ ਹੈ। ਉਹਨਾਂ ਬੋਲੀਆਂ ਦੇ ਗਰੈਮਰ ਵੀ ਵੱਖੋ ਵੱਖਰੇ ਹੁੰਦੇ ਹਨ। ਹਰ ਇੱਕ ਬੋਲੀ ਬੋਲਣ ਵਾਲੇ ਆਪਣੀ ਨਵੀਂ ਪੀੜੀ ਨੂੰ ਬੋਲੀ ਸਿਖਾਉਣ ਲਈ ਉਪਰਾਲਾ ਕਰਦੇ ਰਹਿੰਦੇ ਹਨ।

**ਬੋਲੀ ਵਿੱਚ ਮਿਲਾਵਟ :** ਜਦੋਂ ਇਕ ਬੋਲੀ ਬੋਲਣ ਵਾਲੇ ਦੂਜੀ ਬੋਲੀ ਬੋਲਣ ਵਾਲਿਆਂ ਦੇ ਸੰਪਰਕ ਵਿੱਚ ਆਉਦੇਂ ਹਨ ਤਾ ਇੱਕ ਦੂਜੇ ਦੇ ਸ਼ਬਦਾ ਨੂੰ ਗ੍ਰਹਿਣ ਕਰ ਲੈਂਦੇ ਹਨ ਅਤੇ ਬਾਕੀਆਂ ਨੂੰ ਛੱਡ ਦਿੰਦੇ ਹਨ। ਕਦੇ-ਕਦੇ ਉਹ ਤਤਸਮ ਸ਼ਬਦਾਂ ਨੂੰ ਗ੍ਰਹਿਣ ਕਰ ਲੈਂਦੇ ਅਤੇ ਕਦੇ-ਕਦੇ **ਤਦਭਵ** ਸ਼ਬਦਾਂ ਨੂੰ ਵੀ ਗ੍ਰਹਿਣ ਕਰ ਲੈਦੇ ਹਨ। ਕਈ ਵਾਰ ਦੋਹਾਂ ਬੋਲੀਆਂ ਦੇ ਸੁਮੇਲ ਤੋਂ ਨਵੇਂ ਸ਼ਬਦ ਘੜ ਲੈਂਦੇ ਹਨ।

**ਗੁਰਬਾਣੀ ਵਿੱਚ ਨਾਮੁ :** ਸੰਸਕ੍ਰਿਤ ਗਰੈਮਰ ਵਿੱਚ ਨਾਮੁ ਸ਼ਬਦ ਦਾ ਸੰਕੇਤ ਮਿਲਦਾ ਹੈ। ਇਹ ਨਾਮ ਕਈ ਪ੍ਰਕਾਰ ਦੇ ਹੁੰਦੇ ਹਨ। ਜਿਵੇਂ ਜਾਤੀਵਾਦੀ, ਵਿਆਕਤੀਵਾਦੀ, ਅਤੇ ਵਸਤੂਵਾਦੀ ਆਦਿ। ਸ਼ਬਦ ਦੇ ਸੰਕੇਤ ਨੂੰ ਨਾਮੁ ਕਹਿੰਦੇ ਹਨ। ਇਹ ਸ਼ਬਦ ਗਰੈਮਰ ਅਨੁਸਾਰ ਚਾਰ ਪ੍ਰਕਾਰ ਦੇ ਹੁੰਦੇ ਹਨ। ਹੇਠ ਲਿਖੇ ਇਸ ਪ੍ਰਕਾਰ ਹਨ :

1. ਕਿਰਦੰਤ - ਜਿਹੜੇ ਧਾਤੂ ਤੋਂ ਬਣੇ ਹੁੰਦੇ ਹਨ।
2. ਤਧਿੱਤ - ਜਿਹੜੇ ਧਾਤੂ ਤੋਂ ਨਹੀ ਬਣੇ ਹੁੰਦੇ ਹਨ।
3. ਸਮਾਸੀ - ਉਹ ਸ਼ਬਦ ਜਿਹੜੇ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਨੇੜ ਤੋਂ ਬਣਦੇ ਹਨ, ਸਮਾਸੀ ਕਿਹਾ ਜਾਂਦਾ ਹੈ।
4. ਜਿਹੜੇ ਸ਼ਬਦ ਪਿਛੇਤਰ (Suffix) ਲਾ ਕੇ ਬਣਦੇ ਹਨ।

ਗੁਰਬਾਣੀ ਵਿੱਚ ਨਾਮੁ ਸ਼ਬਦ ਆਇਆ ਹੈ ਉਹ ਵੀ ਸੰਸਕ੍ਰਿਤ ਗਰੈਮਰ ਵਿੱਚੋਂ ਲਿਆਂ ਗਿਆਂ ਹੈ। ਗੁਰਬਾਣੀ ਵਿੱਚ ਨਾਮੁ ਨੂੰ Symbol ਦੇ ਤੌਰ ਤੇ ਵਾਹਿਗੁਰੂ ਦੀ ਥਾਂ ਤੇ ਵਰਤਿਆਂ ਗਿਆਂ। ਗੁਰਬਾਣੀ ਵਿੱਚ ਆਇਆ ਹੈ "**ਨਾਮੁ ਦੇ ਥਾਰੇ ਖੰਡ ਬ੍ਰਹਿਮੰਡ**" ਪਰ ਗਰੈਮੇਰੀਅਨਾਂ ਦੇ ਨਾਮ ਦੀ ਸਥਿਤੀ ਅਤੇ ਸ਼ਕਤੀ ਇੰਨੀ ਨਹੀ ਹੈ ਕਿ ਉਹ ਖੰਡ ਬ੍ਰਮੰਡ ਦੀ ਰਚਨਾਂ ਕਰ ਸਕੇ। ਜਿਵੇਂ ਨਿਰਗੁਣੀਵਾਦੀ ਸੰਤਾਂ ਨੇ ਨਾਮੁ ਦੀ ਮਹਿਮਾਂ ਗਾਈ ਹੈ ਉਹ ਕੇਵਲ ਵਾਹਿਗੁਰੂ ਤੇ ਹੀ ਘਟਾਈ ਜਾ ਸਕਦੀ ਹੈ।

# ਪੰਜਾਬ ਦਾ ਪਿਛੋਕੜ

ਸ. ਖੁਸ਼ਵੰਤ ਸਿੰਘ ਆਪਣੀ ਕਿਤਾਬ "**ਸਿੱਖ ਹਿਸਟਰੀ**" ਵਿੱਚ ਲਿਖਦੇ ਹਨ ਕਿ ਪੱਛਮੀ ਪੰਜਾਬ ਦੇ ਜ਼ਿਲੇ ਰਾਵਲ਼ਪਿੰਡੀ ਵਿਖੇ ਪਹਾੜੀ ਵਿਚੋਂ ਇੱਕ **ਬਲੌਰੀ ਭਾਲਾ** ਮਿਲਿਆ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ **ਪੰਜਾਬ ਦੀ ਅਬਾਦਕਾਰੀ** ਲਗਭਗ 25000 ਤੋਂ 30000 ਵਰ੍ਹੇ ਪਹਿਲਾ ਮੌਜੂਦ ਸੀ। Archaeology ਰਾਂਹੀ ਜਿਹੜੀ ਹੜੱਪੇ ਦੀ ਪੁਟਾਈ ਕੀਤੀ ਗਈ ਉਸ ਦੀ ਅਗਵਾਈ **ਰਾਏ ਬਹਾਦਰ ਦਇਆ ਰਾਮ ਸਾਹਨੀ** ਨੇ ਕੀਤੀ। ਪੁਟਾਈ ਦੇ ਦੌਰਾਨ ਜਿਹੜੀਆਂ ਨਿਸ਼ਾਨੀਆਂ ਹੜੱਪੇ ਤੋਂ ਮਿਲੀਆਂ, ਉਹ ਮੋਇੰਜੋਦੜੋ ਵਿੱਚੋਂ ਵੀ ਮਿਲੀਆਂ ਸਨ। ਹੜੱਪੇ ਦੀ ਪੁਟਾਈ ਦੌਰਾਨ ਜੋ ਚਿੰਨ੍ਹ ਮਿਲਣੇ ਸ਼ੁਰੂ ਹੋਏ ਸਨ, ਉਹਨਾਂ ਚਿੰਨ੍ਹਾਂ ਦੀ ਚਰਚਾ ਲੋਕਾਂ ਨੂੰ ਪਤਾ ਸੀ। ਜਦੋਂ ਅੰਗਰੇਜਾ ਨੂੰ ਇਸ ਬਾਰੇ ਪਤਾ ਚੱਲਿਆ ਤਾਂ ਉਹਨਾਂ ਦਾ ਧਿਆਨ ਇੱਧਰ ਖਿੱਚਿਆ ਗਿਆ। ਇਹਨਾਂ ਵਿੱਚੋਂ Alexander Cunnigham ਦੂਸਰਾ ਵੱਡਾ ਅਫਸਰ ਸੀ ਜਿਸਨੇ ਪੁਟਾਈ ਵਿੱਚੋਂ ਮਿਲੀਆਂ ਲੱਭਤਾਂ ਦੀ ਬਹੁਤ ਮਿਹਨਤ ਨਾਲ ਪਰਖ ਕੀਤੀ ਅਤੇ ਇਸ ਦੀ ਤੁਲਨਾਂ ਸੰਸਾਰ ਦੀਆਂ ਦੂਸਰੀਆਂ ਪ੍ਰਸਿੱਧ ਸਭਿਆਤਾਂ ਦੀਆਂ ਪੁਟਾਈਆਂ ਵਿੱਚੋਂ ਮਿਲੀਆਂ ਚੀਜਾਂ ਨਾਲ ਕੀਤੀ। ਉਹ ਇਸ ਸਿੱਟੇ ਤੇ ਪਹੁੰਚਿਆਂ ਕਿ ਇਸ ਪੁਟਾਈ ਚੋਂ ਜੋ ਅੱਖਰ ਮਿਲੇ ਹਨ ਉਹ ਸੰਸਾਰ ਦੇ ਹੋਰ ਕਿਸੀ ਅੱਖਰਾਂ ਨਾਲ ਮੇਲ਼ ਨਹੀ ਖਾਂਦੇ ਹਨ। ਅਜਿਹਾ ਪ੍ਰਗਟਾਵਾ "Archaeology ਦਾ ਇਤਿਹਾਸ" (ਦਿੱਲੀ) ਦੀ ਕਿਤਾਬ ਤੋਂ ਪਤਾ ਚਲਦਾ ਹੈ ਕਿ ਹੜੱਪੇ ਦੀ ਸੱਭਿਅਤਾ ਲਗਭਗ 5000 ਵਰ੍ਹੇ ਪੁਰਾਣੀ ਹੈ। ਇੱਕ ਨਵੀਨ (Jonathan Mark Kenoyer'

Indus Valley Civilization) ਖੋਜ ਅਨੁਸਾਰ ਹੜੱਪੇ ਦੀ ਸਭਿਅਤਾ ਦਾ ਸਮਾਂ ਲਗਭਗ 5300 ਵਰੇ ਹੈ, ਜਿਹੜਾ ਕਿ ਸੁਮੇਰੀਅਨ ਸਭਿਅਤਾ ਤੋਂ 200 ਵਰੇ ਪਿੱਛੇ ਚਲਾ ਜਾਂਦਾ ਹੈ। ਇਸ ਤਰਾਂ ਇਹ ਸਭਿਅਤਾ ਸੰਸਾਰ ਦੀਆਂ ਪੁਰਾਣੀਆਂ ਸਭਿਅਤਾਵਾਂ ਵਿੱਚ ਪਹਿਲੇ ਸਥਾਨ ਤੇ ਹੈ। ਸ. ਖੁਸ਼ਵੰਤ ਸਿੰਘ ਨੇ ਇੱਕ ਹੋਰ ਹਵਾਲਾ ਆਪਣੀ ਕਿਤਾਬ "**ਸਿੱਖ ਹਿਸਟਰੀ**" ਵਿੱਚ ਦਿੱਤਾ ਹੈ ਕਿ ਇਹ ਸਭਿਅਤਾ ਸੰਸਾਰ ਦੀਆਂ ਸਭ ਸਭਿਅਤਾਂਵਾਂ ਨਾਲੋਂ ਅਡਵਾਂਸ ਸੀ ਅਤੇ ਇਹ ਪੂਰਾ ਇਤਿਹਾਸ ਲੱਖਾ ਵਰ੍ਹੇ ਪੁਰਾਣਾ ਹੈ। ਇਸ ਸਭਿਅਤਾ ਦਾ ਵਿਸਥਾਰ ਪਾਕਿਸਤਾਨ ਦੇ ਬਲੋਚਸਤਾਨ ਤੋਂ ਲੈ ਕੇ ਭਾਰਤ ਦੇ ਗੁਜਰਾਤ, ਰਾਜਸਥਾਨ, ਹਿਮਾਚਲ ਅਤੇ ਹਰਿਆਣੇ ਤੱਕ ਸੀ। ਹਰਿਆਣੇ ਵਿੱਚ ਰਾਖੀਗੜ੍ਹੀ ਦੀ ਪੁਟਾਈ ਦੌਰਾਨ ਜਿਹੜਾ ਸਮਾਨ ਮਿਲਿਆ ਹੈ ਇਸ ਤੋਂ ਪਤਾ ਲਗਦਾ ਹੈ ਕਿ ਇਹ ਇਲਾਕਾ ਵੀ ਇਸੇ ਸਭਿਅਤਾ ਦੇ ਅਧੀਨ ਸੀ। ਜੋ ਇੱਥੇ ਸਮਾਨ ਮਿਲਿਆ ਹੈ ਉਹ ਹੜੱਪੇ ਦੇ ਸਮਾਨ ਨਾਲ ਸਮਾਨਤਾ ਰੱਖਦਾ ਹੈ।

**ਨਸਲੀ ਪਛਾਣ :** Archaeology ਦੇ ਖੋਜੀ ਵਿਦਵਾਨਾਂ ਰਾਹੀਂ ਇਹ ਸਿੱਟਾ ਕੱਢਿਆ ਗਿਆ ਹੈ ਕਿ ਇਹ ਪੰਜਾਬ ਦੀ ਇਹ ਸਭਿਅਤਾ ਆਰੀਆ ਸਭਿਅਤਾ ਨਹੀ ਹੈ। Archaeology ਦੀਆਂ ਖੋਜਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ **ਆਰੀਆ ਲੋਕ ਈਰਾਨ ਅਤੇ ਅਜ਼ਰਬੈਜ਼ਾਨ** ਤੱਕ ਫੈਲੇ ਹੋਏ ਸਨ। ਇਹ ਪੰਜਾਬ ਰਾਹੀਂ ਅੱਗੇ ਤੱਕ ਭਾਰਤ ਵਿੱਚ ਦਾਖਲ਼ ਹੋਏ ਸਨ। ਜਿਸ ਦਾ ਜ਼ਿਕਰ ਰਿਗਵੇਦ ਵਿੱਚ ਮਿਲਦਾ ਹੈ ਜਿਵੇਂ ਪਹਿਲੇ ਅਧਿਆਇ ਵਿੱਚ ਅਗਨੀ ਦੇਵਤੇ ਦੀ ਵਡਿਆਈ ਕੀਤੀ ਗਈ ਹੈ। ਇਹ ਉਹਨਾਂ ਦਾ ਬਹੁਤ ਵੱਡਾ ਦੇਵਤਾ ਸੀ। ਅੱਜ ਵੀ ਪਾਰਸੀ ਲੋਕ ਆਪਣੇ ਧਾਰਮਿਕ ਸਥਾਨਾਂ ਵਿੱਚ ਅੱਗ ਲਗਾਤਾਰ ਬੁਝਣ ਨਹੀ ਦਿੰਦੇ ਹਨ। ਦੋਹਾਂ ਦੀ ਇਸ ਸਾਂਝ ਤੋਂ ਇਹ ਪਤਾ ਚਲਦਾ ਹੈ ਕਿ ਆਰੀਆ ਈਰਾਨ ਤੋਂ ਆਏ ਸਨ। ਇਸ ਤਰਾਂ

ਅੱਗ ਦੀ ਪੂਜਾ ਦੀ ਰਸਮ ਈਰਾਨੀਆਂ ਅਤੇ ਭਾਰਤੀ ਆਰੀਆ ਵਿੱਚ ਸਾਂਝੀ ਮਿਲਦੀ ਹੈ। ਭਾਰਤੀ ਆਰੀਆ ਨੇ ਜੋ ਆਪਣਾ ਸਹਿਤ ਲਿਖਿਆ ਹੈ, ਉਹ ਭਾਰਤ ਦੀ ਕਿਸੀ ਵੀ ਬੋਲੀ ਨਾਲ ਮੇਲ਼ ਨਹੀ ਖਾਦਾਂ ਹੈ। ਭਾਰਤੀ ਆਰੀਆ ਦੇ ਸਹਿਤ ਦੀ ਬੋਲੀ ਈਰਾਨ ਦੇ ਪਾਰਸੀ ਧਰਮ ਦੇ ਲੋਕਾਂ ਦੇ ਧਰਮ ਗ੍ਰੰਥਾਂ ਦੀ ਬੋਲੀ ਨਾਲ ਮੇਲ਼ ਖਾਂਦੀ ਹੈ, ਜਿਸ ਦਾ ਮੁੱਢਲਾ ਢਾਂਚਾ ਈਰਾਨੀ ਅਤੇ ਵੇਦ ਦੀ ਬੋਲੀ ਦੀਆਂ ਧੁਨੀਆਂ ਨਾਲ ਮੇਲ਼ ਖਾਦਾ ਹੈ। ਇੱਥੋ ਇਹ ਵੀ ਪਤਾ ਲਗਦਾ ਹੈ ਕਿ ਭਾਰਤੀ ਆਰੀਆ ਨੇ **ਵਰਗਾਂ ਦੇ ਚੌਥੇ ਅੱਖਰ** ਅਤੇ "ਟ" ਵਰਗ ਦੇ ਅੱਖਰ ਇੱਥੋ ਪੰਜਾਬ ਵਿੱਚੋਂ ਹੀ ਉਧਾਰ ਲਏ ਹਨ। ਅਸੀ ਸੰਸਕ੍ਰਿਤ ਗਰੈਮਰ ਵਿੱਚ ਦੇਖ ਸਕਦੇ ਹਾਂ ਕਿ ਸੰਸਕ੍ਰਿਤ ਵਿੱਚ "ਟ" ਵਰਗ ਦੇ ਲਗਭਗ **12 ਕੁ ਰੂਟ** ਮਿਲਦੇ ਹਨ। ਜਦ ਕਿ ਪੰਜਾਬੀ ਵਿੱਚ "ਟ" ਵਰਗ ਦੇ ਲਗਭਗ **100 ਤੋਂ ਵੱਧ ਰੂਟ** ਮਿਲਦੇ ਹਨ। ਤੁਲਨਾਂ ਕਰਨ ਉਪਰੰਤ ਇਹ ਪਤਾ ਲੱਗਦਾ ਹੈ ਕਿ ਇਹ ਧੁਨੀਆ ਆਰੀਆ ਰਿਸ਼ੀਆਂ ਨੇ ਇੱਥੋ ਹੀ ਉਧਾਰ ਲਈਆ ਹਨ। ਪੰਜਾਬੀ ਦੇ ਬਹੁਤ ਸਾਰੇ ਸ਼ਬਦ ਰਿਗਵੇਦ ਵਿੱਚ ਮੌਜੂਦ ਹਨ। ਜਿਵੇ ਖੱਬਾ, ਆਯੂ, ਵਾਯੂ, ਦਸਯੂ, ਕਰਮਾ ਅਤੇ ਸੱਤਾ ਆਦਿ। ਇਸ ਤੋਂ ਛੁੱਟ ਹੋਰ ਅਨੇਕਾਂ ਸ਼ਬਦ ਵੇਦਾਂ ਵਿੱਚ ਮਿਲਦੇ ਹਨ, ਜਿਹੜੇ ਅੱਜ ਵੀ ਅਸੀ ਪੰਜਾਬੀ ਲੋਕਾਂ ਨੂੰ ਬੋਲਦਿਆ ਦੇਖ ਸਕਦੇ ਹਨ। ਬਸਤੀਵਾਦ ਭਾਰਤ ਦੇ ਸਾਬਕਾ ਵਾਇਸਰਾਏ ਲਾੱਰਡ ਕਰਜ਼ਨ ਸਾਹਿਬ ਵਿਦਵਾਨ ਸੱਜਨ ਹੋਏ ਹਨ। ਓਹਨਾਂ ਨੇ ਆਪਣੀ ਕਿਤਾਬ ਵਿੱਚ ਜ਼ਿਕਰ ਕੀਤਾ ਹੈ, ਜਿਸ ਦਾ ਹਵਾਲਾ ਕਾਲਡਵੈੱਲ ਨੇ ਆਪਣੀ ਕਿਤਾਬ **Dravidian Comparative Grammer** ਜਾਂ **South Indian Language** ਵਿੱਚ ਦਿੱਤਾ ਹੈ ਕਿ ਜਦੋਂ ਆਰੀਆ ਭਾਰਤ ਵਿੱਚ ਦਾਖਲ਼ ਹੋਏ ਤਾਂ ਓਹਨਾਂ ਦੀ ਮੁੱਠਭੇੜ ਸ਼ੂਦਰ ਕਬੀਲੇ ਨਾਲ ਹੋਈ ਅਤੇ ਆਰੀਆ ਨੇ ਸ਼ੂਦਰ ਕਬੀਲੇ ਨੂੰ ਹਰਾ ਦਿੱਤਾ। ਉਸ ਵੇਲੇ ਹੋਰ ਵੀ ਕਬੀਲੇ ਪੰਜਾਬ ਵਿੱਚ ਵਸਦੇ ਸਨ। ਇਸ ਤਰਾਂ ਆਰੀਆ ਤੋਂ ਇਹ

ਕਬੀਲੇ ਹਾਰਦੇ ਚਲੇ ਗਏ ਅਤੇ ਉਹਨਾਂ ਨੇ ਹਾਰਦੇ ਹੋਏ ਕਬੀਲਿਆਂ ਨੂੰ ਸ਼ੂਦਰ ਦਾ ਨਾਂ ਦਿੰਦੇ ਚਲੇ ਗਏ। ਇੰਜ ਸਾਰੇ ਕਬੀਲੇ ਲੜਦਿਆ-ਲੜਦਿਆ ਹਾਰ ਗਏ ਅਤੇ ਹਾਰੇ ਹੋਏ ਕਬੀਲੇ ਸ਼ੂਦਰ ਨਾਂ ਨਾਲ ਪੁਕਾਰੇ ਜਾਣ ਲੱਗੇ। ਇਸ ਤਰਾਂ ਹਾਰੇ ਹੋਏ ਸ਼ੂਦਰ ਬੜੀ ਵਿਕਸਿਤ ਸੱਭਿਅਤਾ ਦੇ ਮਾਲਕ ਸਨ, ਅਜਿਹਾ ਸਾਨੂੰ Archaeology ਦੀਆਂ ਲੱਭਤਾਂ ਤੋਂ ਪਤਾ ਚੱਲਦਾ ਹੈ। ਇਸ ਲੱਭਤਾਂ ਵਿੱਚੋਂ ਜਿਹੜੇ ਅੱਖਰ ਮਿਲ਼ੇ ਹਨ, ਉਹ ਅੱਜ ਵੀ ਬੁਝਾਰਤ ਬਣੇ ਹੋਏ ਹਨ। **ਸੰਸਾਰ ਦੇ ਲਿੱਪੀ ਖੋਜੀਆਂ ਦੇ ਸਾਹਮਣੇ ਬਹੁਤ ਵੱਡੀ ਚਣੌਤੀ ਹੈ ਕਿ ਅਜੇ ਤੱਕ ਹੜੱਪੇ ਦੀ ਲਿੱਪੀ ਪੜੀ ਨਹੀ ਗਈ। ਹੜੱਪੇ ਦੀ ਲਿੱਪੀ ਨਾ ਪੜੇ ਜਾਣਾ ਇੱਕ ਦੁਖਾਂਤ ਹੈ, ਕਿਉਕਿ ਇੱਥੇ ਕੋਈ ਵੀ Bilingual ਲਿਖਤ ਨਹੀ ਮਿਲੀ ਹੈ। ਜਿਵੇ ਸੰਸਾਰ ਦੀ ਪ੍ਰਸਿੱਧ ਸੱਭਿਅਤਾ ਨੀਲ ਦੀ ਸੱਭਿਅਤਾ ਦੀ ਲਿੱਪੀ ਪੜੀ ਗਈ ਹੈ ਕਿਉਕਿ ਇਹ Bilingual ਸੀ। ਇਸੇ ਸਹਾਰੇ ਦੂਸਰੀਆਂ ਹੋਰ ਸੰਸਾਰ ਦੀਆਂ ਪ੍ਰਸਿੱਧ ਸੱਭਿਅਤਾਵਾਂ ਜਿਵੇ ਸੁਮੇਰੀਆ ਅਤੇ ਬੇਬੀਲੋਨੀਅਨ ਦੀਆਂ ਵੀ ਲਿੱਪੀਆਂ ਪੜ੍ਹੀਆ ਗਈਆ ਹਨ।**

ਡਾ. ਮੈਕਸਮੂਲਰ ਨੇ ਆਪਣੀ ਕਿਤਾਬ The Language Science ਵਿੱਚ Dead Language ਦਾ ਜ਼ਿਕਰ ਕੀਤਾ ਹੈ ਕਿ ਸੰਸਾਰ ਦੀਆਂ ਕਈ ਪੁਰਾਣੀਆਂ ਬੋਲੀਆਂ ਮਿਟ ਗਈਆ ਹਨ। ਜਿਨ੍ਹਾਂ ਵਿੱਚ **ਭਾਰਤੀ ਆਰੀਆ ਬੋਲੀ, ਪੁਰਾਣੀ ਈਰਾਨੀ ਬੋਲੀ, ਪੁਰਾਣੀ ਗ੍ਰੀਕ, ਲੈਟਿਨ, ਫੂਨੀਸ਼ੀਅਨ, ਹੈਬਰਿਊ ਅਤੇ ਸੰਸਕ੍ਰਿਤ** ਆਦਿ ਸ਼ਾਮਿਲ ਹਨ। ਇਹ ਬੋਲੀਆ ਅੱਜ ਸੰਸਾਰ ਵਿੱਚ ਕਿਤੇ ਵੀ ਬੋਲੀਆ ਨਹੀ ਜਾਂਦੀਆ ਹਨ। ਇਹਨਾਂ ਤੱਥਾ ਦੇ ਆਧਾਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਜਦ ਘੱਟ ਗਿਣਤੀ ਦੇ ਲੋਕ ਬਹੁਤ ਗਿਣਤੀ ਦੇ ਲੋਕਾਂ 'ਤੇ Dominancy ਹਾਸਿਲ ਕਰ ਲੈਂਦੇ ਹਨ ਤਾਂ ਉਹ ਆਪਣੀ ਬੋਲੀ, ਧਰਮ, ਕਲਚਰ ਅਤੇ ਰੀਤਾਂ ਦਾ ਪ੍ਰਭਾਵ ਪਾਉਂਦੇ ਹਨ। ਇਸ ਪ੍ਰਕਾਰ

ਉਹ ਆਪਣੇ ਹੀ ਕਾਨੂੰਨ ਲੋਕਾਂ ਤੇ ਠੋਸਦੇ ਹਨ। ਜਿਵੇਂ ਹੀ ਇਹਨਾਂ ਦੀ Dominancy ਖਤਮ ਹੁੰਦੀ ਹੈ ਤਾਂ ਇਹਨਾਂ ਦਾ ਰੂਲ ਖਤਮ ਹੋ ਜਾਂਦਾ ਹੈ ਜਿਸ ਕਰਕੇ ਇਹਨਾਂ ਦੀ ਬੋਲੀ ਅਤੇ ਧਰਮ ਦਾ ਦਬਦਬਾ ਵੀ ਖਤਮ ਹੋ ਜਾਂਦਾ ਹੈ। ਅਜਿਹਾ ਹੁਣ ਈਰਾਨ ਵਿੱਚ ਦੇਖਿਆ ਜਾ ਸਕਦਾ ਹੈ। ਇਸੇ ਤਰਾਂ ਭਾਰਤੀ ਆਰੀਆ ਅਤੇ ਫੂਨੀਸ਼ੀਅਨਾਂ ਦਾ ਵੀ ਇਹੀ ਹਸ਼ਰ ਹੋਇਆ ਹੈ। ਭਾਰਤੀ ਆਰੀਆ ਦੀ ਭਾਸ਼ਾ ਭਾਰਤ 'ਚ ਤਾਂ ਇੱਕ ਪਾਸੇ, ਇਹ ਤਾਂ ਸੰਸਾਰ ਵਿੱਚ ਕਿਤੇ ਵੀ ਬੋਲੀ ਨਹੀ ਜਾਂਦੀ ਹੈ। ਇਸੇ ਤਰਾਂ ਪਾਲੀ ਬੋਲੀ ਵੀ ਅੱਜ ਕਿਤੇ ਨਹੀ ਬੋਲੀ ਜਾਂਦੀ ਹੈ ਜਦਕਿ ਇਹ ਬੋਲੀ ਅਸ਼ੋਕ ਵੇਲੇ ਸਰਕਾਰੀ ਬੋਲੀ ਸੀ। ਜਦੋ ਬੋਧੀਆ ਦਾ ਰਾਜ ਖਤਮ ਹੋਇਆ ਤਾਂ ਪਾਲੀ ਬੋਲੀ ਵੀ ਡੈੱਡ ਹੋ ਗਈ। ਇਸ ਪ੍ਰਕਾਰ ਦੂਸਰੀਆ ਪ੍ਰਕ੍ਰਿਤਾਂ ਦਾ ਵੀ ਇਹੀ ਹਾਲ ਹੋਇਆ ਹੈ। **ਪ੍ਰਾਕ੍ਰਿਤਾਂ ਦੇ ਪ੍ਰਸਿੱਧ ਵਿਦਵਾਨ ਵਰਰੁੱਚੀ ਨੇ 4 ਪ੍ਰਾਕ੍ਰਿਤਾ ਦਾ ਜ਼ਿਕਰ ਕੀਤਾ ਹੈ ਜਦਕਿ ਅਚਾਰਿਆ ਹੇਮਚੰਦਰ 6 ਪ੍ਰਾਕ੍ਰਿਤਾਂ ਦਾ ਜ਼ਿਕਰ ਕਰਦਾ ਹੈ।** ਪਰ ਅੱਜ ਇਹ ਪ੍ਰਾਕ੍ਰਿਤਾ ਸੰਸਾਰ ਵਿੱਚ ਕਿਤੇ ਵੀ ਨਹੀ ਬੋਲੀਆਂ ਜਾਂਦੀਆ ਹਨ, ਅਜਿਹਾ ਡਾ. ਮੈਕਸਮੂਲਰ ਨੇ ਆਪਣੀ ਕਿਤਾਬ **The Language Science** ਵਿੱਚ ਦੱਸਿਆ ਹੈ।

ਜਿਹੜੇ ਵਿਤਕਰੇ ਦੀਆਂ ਗੱਲਾਂ ਸ਼ੂਦਰ ਸਮਾਜ ਵਿੱਚ ਤਿਰਸਕਾਰ ਦੀਆਂ ਵਾਪਰੀਆਂ ਹਨ, ਉਸ ਦਾ ਪਤਾ ਸਾਨੂੰ ਡਾ. ਰਾਧਾਕ੍ਰਿਸ਼ਨਨ ਦੀ ਕਿਤਾਬ Indian Philosophy ਤੋਂ ਚਲਦਾ ਹੈ ਕਿ **ਜਦੋਂ ਆਰੀਆ ਭਾਰਤ ਵਿੱਚ ਦਾਖਲ਼ ਹੋਏ ਤਾਂ ਉਹਨਾਂ ਦੇ ਸਮਾਜ ਵਿੱਚ ਕੇਵਲ ਤਿੰਨ ਹੀ ਵਰਣ ਸਨ। ਚੌਥਾ ਵਰਣ ਇੱਥੇ ਦੇ ਹਾਰੇ ਹੋਏ ਸ਼ੂਦਰ ਲੋਕ ਸਨ।** ਉਹਨਾਂ ਨੇ ਸ਼ੂਦਰ ਕਬੀਲੇ ਦੇ ਆਧਾਰ ਤੇ ਹੀ ਉਹਨਾਂ ਦਾ ਨਾਮ ਸ਼ੂਦਰ ਵਰਣ ਰੱਖਿਆ। ਇਸ ਪ੍ਰਕਾਰ ਉਹ ਬ੍ਰਹਮਣੀਕਲ ਸਿਸਟਮ ਦਾ ਅੰਗ ਬਣ ਗਏ। ਉਹਨਾਂ ਦੇ ਹੱਕ ਹਕੂਤ ਬਹੁਤ ਸੀਮਿਤ ਕਰ ਦਿੱਤੇ ਗਏ।

ਇਹਨਾਂ ਸ਼ੂਦਰਾਂ ਨੂੰ ਸਿਰਫ ਸਰਵਿਸ ਦਾ ਹੀ ਅਧਿਕਾਰ ਦਿੱਤਾ ਗਿਆ। **ਇਹ ਸ਼ੂਦਰ ਸਮਾਜ ਦੇ ਬਹੁਤ ਉੱਤਮ ਦਰਜ਼ੇ ਦੇ ਸ਼ਹਿਰੀ ਲੋਕ ਸਨ ਜਦਕਿ ਉਹ ਸਮਾਜ ਦੇ ਨੀਵੇਂ ਦਰਜੇ ਦੇ ਲੋਕ ਬਣ ਗਏ।** ਇਸ ਤਰਾਂ ਉਹਨਾਂ ਨੇ ਸ਼ੂਦਰਾਂ ਦੀਆਂ ਬੋਲੀਆ ਅਤੇ ਸ਼ਾਨੋ ਸ਼ੌਕਤ ਦਾ ਵਿਨਾਸ਼ ਕਰ ਦਿੱਤਾ। **ਇਹੀ ਢੰਗ ਅੰਗਰੇਜੀ ਖੋਜੀਆਂ ਅਤੇ ਲਿਖਾਰੀਆਂ ਨੇ ਵਰਤਿਆ ਕਿ ਭਰਾਵੋਂ ਅਸੀ ਵੀ ਬਾਹਰੋ ਆਏ ਹਾਂ ਅਤੇ ਤੁਸੀ ਵੀ।** ਇਸ ਤਰਾਂ ਉਹਨਾਂ ਨੇ ਆਪਣੇ ਰਾਜ ਦੀ Dominancy ਕਾਇਮ ਰੱਖੀ ਅਤੇ **ਆਰੀਆ ਲੋਕਾਂ ਦੇ ਹੱਥ ਵਿੱਚ ਇਹ ਹਥਿਆਰ ਫੜ੍ਹਾ ਦਿੱਤਾ ਕਿ ਭਾਰਤ ਦੀਆਂ** Modern **ਕਹੀਆਂ ਜਾਣ ਵਾਲੀਆਂ ਬੋਲੀਆਂ ਸੰਸਕ੍ਰਿਤ ਵਿੱਚੋਂ ਹੀ ਨਿਕਲੀਆਂ ਹਨ।**

ਜਦੋਂ ਅਸੀ ਸੰਸਕ੍ਰਿਤ ਅਤੇ ਪ੍ਰਾਕ੍ਰਿਤਾਂ ਦਾ ਜ਼ਿਕਰ ਕਰਦੇ ਹਾਂ ਤਾਂ ਇਹਨਾਂ ਬੋਲੀਆਂ ਦੇ ਗਰੈਮਰਾਂ ਵਿੱਚ ਕੁਝ ਵੀ ਸਾਂਝਾ ਨਹੀ ਮਿਲਦਾ ਹੈ। ਭਾਵੇਂ ਇਹ ਦੋਵੇਂ Single Gender ਕਿਰਿਆਵਾਂ ਹਨ। ਜਦੋ ਅਸੀ ਪੰਜਾਬੀ ਦੇ ਗਰੈਮਰ ਦੀ ਗੱਲ ਕਰਦੇ ਹਾਂ ਤਾਂ ਇਸ ਵਿੱਚ ਅਜਿਹਾ ਬਿਲਕੁਲ ਵੀ ਨਹੀ ਹੈ। ਭਾਵ ਪੰਜਾਬੀ Double Gender ਕਿਰਿਆ ਹੈ।

ਡਾ. ਬਨਾਰਸੀ ਦਾਸ 1927 ਵਿੱਚ ਪੰਜਾਬੀ ਤੇ Ph.D. ਕਰ ਚੁੱਕੇ ਸਨ। ਉਹਨਾਂ ਦੇ Thesis ਤੋਂ ਪਤਾ ਚਲਦਾ ਹੈ ਕਿ ਉਹ ਪੰਜਾਬੀ ਨੂੰ ਪ੍ਰਾਕ੍ਰਿਤਾਂ ਤੋਂ ਉਪਜੀ ਮੰਨਦੇ ਹਨ। ਅੰਗਰੇਜ਼ ਵਿਦਵਾਨ John Beam ਦੀ ਕਿਤਾਬ Ariyan Comparative Grammer ਵਿੱਚ ਇਹਨਾਂ ਭਾਸ਼ਾਵਾਂ ਨੂੰ ਆਰੀਆਂ ਭਾਸ਼ਾਵਾਂ ਵਿੱਚ ਹੀ ਗਿਣਦੇ ਹਨ।

ਸੰਸਕ੍ਰਿਤ ਅਤੇ ਹਿੰਦੀ ਦੇ ਪ੍ਰਸਿੱਧ ਵਿਦਵਾਨ **ਕਿਸ਼ੋਰੀ ਦਾਸ ਬਾਜਪਾਈ** ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ **ਕਿ ਹਿੰਦੀ ਸੰਸਕ੍ਰਿਤ ਵਿੱਚੋਂ**

**ਨਹੀ ਨਿਕਲੀ ਹੈ।** ਉਸ ਨੇ ਆਪਣੀ ਕਿਤਾਬ ਵਿੱਚ ਸੰਸਕ੍ਰਿਤ ਦੇ ਰੂਪ ਦਿੱਤੇ ਹਨ ਜਿਵੇ ਕਿ :

| (ਸੰਸਕ੍ਰਿਤ) | | (ਹਿੰਦੀ) |
|---|---|---|
| 1. ਰਾਮ ਕਰੋਤਿ। | ................ | 1. ਰਾਮ ਕਰਤਾ ਹੈ। |
| 2. ਸੀਤਾ ਕਰੋਤਿ। | ............. | 2. ਸੀਤਾ ਕਰਤੀ ਹੈ। |

ਇਸ ਪ੍ਰਕਾਰ ਉਪਰੋਕਤ ਭਾਸ਼ਾਵਾਂ ਦੇ ਟਾਕਰੇ ਤੋਂ ਪਤਾ ਚਲਦਾ ਹੈ ਕਿ ਇਹ ਦੋਵੇਂ ਬੋਲੀਆਂ ਦੇ ਗਰੈਮਰਾਂ ਦੇ ਰੂਪ ਅਲੱਗ ਅਲੱਗ ਹਨ। ਸੰਸਕ੍ਰਿਤ ਵਿੱਚ Single Gender ਕ੍ਰਿਆ ਹੈ ਜਦਕਿ ਹਿੰਦੀ ਵਿੱਚ Double Gender ਕ੍ਰਿਆ ਹੈ। ਸੋ ਇਸ ਪ੍ਰਕਾਰ ਸੰਸਕ੍ਰਿਤ ਅਤੇ ਹਿੰਦੀ ਗਰੈਮਰ ਵਿੱਚ ਕੁਝ ਵੀ ਸਾਂਝਾ ਨਹੀ ਹੈ। ਤਰਕ ਦੇ ਆਧਾਰ ਤੇ ਇਸ ਸਿਧਾਂਤ ਵਿੱਚ ਕੋਈ ਵਜ਼ਨ ਨਹੀ ਹੈ ਕਿ ਹਿੰਦੀ ਸੰਸਕ੍ਰਿਤ ਵਿਚੋਂ ਨਿਕਲੀ ਹੈ।

ਡਾ. ਬਨਾਰਸੀ ਦਾਸ ਦੀ ਪ੍ਰਾਕ੍ਰਿਤ ਥਿਊਰੀ ਦੀ ਫੂਕ ਨਿਕਲ਼ ਜਾਂਦੀ ਹੈ ਜਦੋਂ ਅਸੀ ਪ੍ਰਾਕ੍ਰਿਤ ਅਤੇ ਪੰਜਾਬੀ ਬੋਲੀ ਦੇ ਗਰੈਮਰਾਂ ਦਾ ਹੇਠ ਲਿਖੇ ਅਨੁਸਾਰ ਟਾਕਰਾਂ ਕਰਦੇ ਹਾਂ :

| (ਪ੍ਰਾਕ੍ਰਿਤ) | | (ਪੰਜਾਬੀ) |
|---|---|---|
| 1. ਰਾਮ ਕਰਈ। | .................. | 1. ਰਾਮ ਕਰਦਾ ਹੈ। |
| 2. ਸੀਤਾ ਕਰਈ। | ................ | 2. ਸੀਤਾ ਕਰਦੀ ਹੈ। |

**ਇਸ ਪ੍ਰਕਾਰ John Beam ਅਤੇ ਕਈ ਹੋਰ ਅੰਗਰੇਜ਼ੀ ਵਿਦਵਾਨਾਂ ਅਤੇ ਦੇਸੀ ਵਿਦਵਾਨ ਜਿਵੇ : ਸੁਨੀਤੀ ਕੁਮਾਰ ਚੈਟਰਜੀ, ਸੁਦੇਸ਼ਵਰ ਵਰਮਾ ਆਦਿ ਦੀ ਥਿਉਰੀ ਦੀ ਫੂਕ ਨਿਕਲ ਜਾਦੀ ਹੈ। ਇਸ ਪ੍ਰਕਾਰ ਸਾਡੇ ਯੂਨੀਵਰਸੀਟਿਆਂ ਦੇ ਪ੍ਰੋਫੇਸਰਾਂ ਦੇ ਦਾਅਵਿਆਂ ਦੀ ਵੀ ਫੂਕ ਨਿਕਲ਼**

**ਜਾਂਦੀ ਹੈ ਜੋ ਹੁਣ ਤੱਕ ਵੀ ਭਾਸ਼ਾਂ ਦੇ ਖੇਤਰ ਵਿੱਚ ਕੋਈ ਨਵੀ ਗੱਲ ਜਾਂ ਖੋਜ ਨਹੀ ਕਰਦੇ। ਸਕੂਲਾਂ ਅਤੇ ਕਾਲਜਾਂ ਵਿੱਚ ਅਜੇ ਵੀ ਪੁਰਾਣੀਆਂ ਘਸੀਆਂ ਪਿਟੀਆ ਥਿਊਰੀਆਂ ਹੀ ਪੜ੍ਹਾਈ ਜਾ ਰਹੇ ਹਨ।**

ਪੰਜਾਬ ਦੇ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਜਿਹੜੇ ਇੱਥੇ ਲੋਕਾਂ ਦੇ ਜੋ ਧਰਮ ਚਲਦੇ ਸਨ ਉਹਨਾਂ ਵਿੱਚ ਨਾਗ ਪੂਜਾ, ਦੇਵੀ ਪੂਜਾ, ਨਦੀਆਂ ਦੀ ਪੂਜਾ, ਪ੍ਰਕ੍ਰਿਤੀ ਪੂਜਾ ਅਤੇ ਪਿੱਪਲਾਂ ਦੀ ਪੂਜਾ ਆਦਿ ਸ਼ਾਮਿਲ ਸਨ। ਇਹ ਭਾਰਤ ਦੇ ਕਹੇ ਜਾਣ ਵਾਲੇ ਸ਼ੂਦਰ ਲੋਕਾਂ ਦੀਆਂ ਧਾਰਮਿਕ ਰਸਮਾਂ ਦੀਆਂ ਨਿਸ਼ਾਨੀਆਂ ਸਨ। ਨਾਗਾ ਦਾ ਸਬੰਧ ਕਸ਼ਮੀਰ ਦੇ ਕਸ਼ਪ ਰਿਸ਼ੀ ਦੇ ਪੁੱਤਾਂ ਨਾਲ ਜੋੜਿਆ ਜਾਂਦਾ ਹੈ। ਇਸ ਤੋਂ ਇਲਾਵਾ ਦੇਵੀ ਪੂਜਾ ਅਤੇ ਪ੍ਰਾਕ੍ਰਿਤੀ ਪੂਜਾ ਸ਼ੂਦਰਾਂ ਦੇ ਦੇਸੀ ਰਿਵਾਜ਼ ਸਨ ਜੋ ਕਿ ਬਾਹਰੋਂ ਆਉਣ ਵਾਲੇ ਆਰੀਆ ਨੇ ਅਖਤਿਆਰ ਕਰ ਲਏ ਤਾਂ ਕਿ ਆਰੀਆ ਅਤੇ ਸ਼ੂਦਰਾਂ ਵਿਚਾਲੇ ਕਸ਼ਮਕਸ਼ ਨੂੰ ਘੱਟ ਕੀਤਾ ਜਾ ਸਕੇ।

**ਪੰਜਾਬੀਆਂ ਦੀ ਵਿੱਦਿਅਕ ਪਿੜ ਵਿੱਚ ਦੇਣ** : ਲਗਭਗ 1500 **B.C.** ਵਿੱਚ ਤੱਖਸਿਲਾ ਦੀ ਨੀਂਹ ਰੱਖੀ ਗਈ। ਜਿਸ ਨੂੰ ਅੱਜ ਕੱਲ "ਟੈਕਸਲਾ" ਕਿਹਾ ਜਾਂਦਾ ਹੈ। ਇਸ ਦਾ **ਮੋਢੀ ਬਿਊਰੋ ਸਾਹਸ** ਮੰਨਿਆ ਜਾਂਦਾ ਹੈ। **ਫਿਰਦੋਸੀ ਦੇ ਸ਼ਾਹਨਾਮੇ** ਅਨੁਸਾਰ ਈਰਾਨ ਦੀ ਹਿਸਟਰੀ ਵਿੱਚ ਦਾਹਕ ਨਾਮ ਦੀ ਸ਼ਖਸ਼ੀਅਤ ਦਾ ਜ਼ਿਕਰ ਮਿਲਦਾ ਹੈ, ਜਿਸ ਨੇ ਈਰਾਨ ਦੇ ਬਾਦਸ਼ਾਹ ਜਮਸ਼ੈਦ ਨੂੰ ਹਰਾਇਆ ਹੈ ਅਤੇ ਉਸ ਨੇ ਈਰਾਨ ਤੇ ਰਾਜ ਕੀਤਾ। ਦਾਹਕ ਆਪਣੇ ਮੋਢਿਆ ਤੇ ਸੱਪ ਰੱਖਦਾ ਸੀ। ਸੋ ਇਸ ਤਰਾਂ ਦਾਹਕ ਬਾਰੇ ਸਾਡੀ ਇੰਡੀਅਨ ਹਿਸਟਰੀ ਵਿੱਚ, ਇਸ ਦਾ ਕਿਤੇ ਵੀ ਜ਼ਿਕਰ ਨਹੀ ਮਿਲਦਾ ਹੈ। ਇਸ ਪ੍ਰਕਾਰ ਪੰਜਾਬ ਦੇ ਇਤਿਹਾਸ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਇੱਥੇ ਟੈਕਸਲਾ ਯੂਨੀਵਰਸਿਟੀ ਲਗਭਗ 1000 **B.C.** ਵਿੱਚ ਬਿਊਰੋ ਸਾਹਸ ਦੇ

ਵਾਰਸਾ ਨੇ ਹੀ ਬਣਵਾਈ ਸੀ। ਇੱਥੇ ਬਾਹਰੋਂ ਵਿਦੇਸ਼ਾ ਤੋਂ ਵੀ ਲੋਕ ਪੜ੍ਹਣ ਲਈ ਆਉਂਦੇ ਸਨ। ਉਸ ਵੇਲੇ ਇੰਡੀਅਨ ਸਬ-ਕੰਟੀਨੈਂਟ ਵਿੱਚ ਇਸ ਤੋਂ ਇਲਾਵਾ ਹੋਰ ਕੋਈ ਵੀ ਯੂਨੀਵਰਸੀਟੀ ਨਹੀ ਸੀ। ਪੰਜਾਬ ਦੀ ਆਪਣੀ ਪੁਰਾਣੀ ਲਿੱਪੀ ਸੀ ਜੋ ਅਲੱਗ-ਅਲੱਗ ਬੋਲੀਆਂ ਲਿਖਣ ਲਈ ਵਰਤੀ ਜਾਂਦੀ ਰਹੀ ਜਿਸ ਨੂੰ ਟਾਕਰੀ ਲਿਪੀ ਕਿਹਾ ਜਾਂਦਾ ਹੈ। ਇਸ ਲਿੱਪੀ ਦਾ ਜ਼ਿਕਰ **Alexander Cunnigham** ਦੀ ਕਿਤਾਬ **Geography of India** ਵਿੱਚ ਮਿਲਦਾ ਹੈ ਅਤੇ ਉਹ ਲਿਖਦਾ ਹੈ ਕਿ ਟਾਕਰੀ ਲਿੱਪੀ ਦੇ ਨਮੂਨੇ ਮੈਨੂੰ ਜ਼ਮਨਾ ਤੋਂ ਲੈ ਕੇ ਬਾਮਯਾਨ (ਅਫਗਾਨਸਾਨ) ਤੱਕ 26 ਥਾਵਾਂ ਤੋਂ ਮਿਲੇ ਹਨ। ਇਸ ਤੋਂ ਇਹ ਪਤਾ ਚੱਲਦਾ ਹੈ ਕਿ ਇਹ ਲਿੱਪੀ ਕਿੰਨੀ ਪ੍ਰਸਿੱਧ ਲਿੱਪੀ ਸੀ। **Alexander Cunnigham** ਨੇ ਇੱਕ ਹੋਰ ਸੂਚਨਾਂ ਦਿੱਤੀ ਹੈ ਕਿ ਮੈਨੂੰ **ਰਾਜ ਤ੍ਰਿੰਗਣੀ** ਨਾਮ ਦੀ ਕਿਤਾਬ ਮਿਲੀ ਹੈ ਜੋ ਕਲ੍ਹਣ ਪੰਡਿਤ ਦੀ ਲਿਖੀ ਹੋਈ ਹੈ, ਜਿਸ ਦੀ ਲਿੱਪੀ ਟਾਕਰੀ ਅਤੇ ਬੋਲੀ ਸੰਸਕ੍ਰਿਤ ਹੈ। ਇਹ ਕਿਤਾਬ ਲਗਭਗ 1150 ਈ. ਵਿੱਚ ਮੁਕੰਮਲ ਕੀਤੀ ਗਈ ਸੀ। ਇਸ ਪ੍ਰਕਾਰ ਪੰਜਾਬ ਵਿੱਚ ਸੰਸਕ੍ਰਿਤ ਟਾਕਰੀ ਰਾਹੀਂ ਪੜ੍ਹਾਈ ਜਾਂਦੀ ਸੀ। **ਟਾਕਰੀ ਲਿੱਪੀ ਹਜ਼ਾਰਾ ਵਰ੍ਹੇ ਪੁਰਾਣੀ ਲਿੱਪੀ ਹੈ। ਇਸ ਦੀ ਜਾਣਕਾਰੀ ਹਿਮਾਚਲ ਦੇ ਇੱਕ ਸੱਜਨ ਖੁਸ਼ਦਿਲ ਜੀ ਨੇ ਦਿੱਤੀ ਹੈ ਕਿ ਇਹ ਲਿੱਪੀ ਹਿਮਾਚਲ ਦੇ ਸ਼ਮਸ਼ਰੀ ਨਾਂ ਦੇ ਮੰਦਰ (ਜ਼ਿਲਾ ਕੁੱਲੂ) ਤੇ ਲਿਖੀ ਹੋਈ ਹੈ ਜਿਸ ਤੇ ਟਾਕਰੀ ਵਿੱਚ "ਸੰਨ 57 ਬਿਕਰਮੀ" ਲਿਖਿਆ ਹੋਇਆ ਹੈ। ਸੋ ਇਸ ਤੋ ਇਹ ਸਾਬਤ ਹੋ ਜਾਂਦਾ ਹੈ ਕਿ ਜਿਹੜੀ ਲਿੱਪੀ ਟੈਕਸਲਾ ਵਿੱਚ ਪੜ੍ਹਾਈ ਜਾਂਦੀ ਸੀ ਉਹ ਟਾਕਰੀ ਲਿੱਪੀ ਹੀ ਸੀ।** ਇਸ ਤਰਾਂ ਬਾਬੇ ਨਾਨਕ ਨੇ ਇਸ ਟਾਕਰੀ ਲਿੱਪੀ ਨੂੰ ਸੋਧ ਕੇ ਗੁਰਮੁਖੀ ਲਿਪੀ ਨੂੰ ਮੁਕੰਮਲ ਕੀਤਾ। ਟਾਕਰੀ ਵਿੱਚ ੜ ਅੱਖਰ ਨਹੀ ਸੀ, ਬਾਬੇ ਨਾਨਕ ਨੇ ਹੀ ਟਾਕਰੀ ਨੂੰ ਸੋਧ ਕੇ ਟਾਕਰੀ ਵਿੱਚ ੜ ਅੱਖਰ ਸ਼ਾਮਿਲ ਕੀਤਾ।

ਇਸ ਪ੍ਰਕਾਰ **ਟਾਕਰੀ ਵਿੱਚ ਤਾਲਵੀ ਸ਼ਾ ਅਤੇ ਮੁਰਧਨੀ ਸ਼ਾ** ਵੀ ਮੌਜੂਦ ਸੀ। ਇਸ ਪ੍ਰਕਾਰ ਜਿਹੜੇ ਅੱਖਰਾਂ ਦੀ ਪਛਾਣ ਨਹੀ ਸੀ ਉਹਨਾਂ ਨੂੰ ਟਾਕਰੀ ਵਿੱਚੋਂ ਕੱਢ ਦਿੱਤਾ ਅਤੇ **ਧੁਨੀਗ੍ਰਾਮ** ਦੀਆਂ ਨਵੀਆਂ ਸ਼ਕਲਾਂ ਘੜੀਆਂ ਤਾਂ ਜੋ ਪੰਜਾਬ ਦੀ ਬੋਲੀ ਇਸ ਵਿੱਚ ਲਿਖੀ ਜਾ ਸਕੇ। ਬਾਬੇ ਨਾਨਕ ਸਦਕਾ ਪੰਜਾਬੀ ਲਿੱਪੀ ਨੂੰ ਵੱਖਰੀ ਪਛਾਣ ਮਿਲੀ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਜੰਮੇ ਜਾਇਆਂ ਨੇ ਪੰਜਾਬ ਦੇ ਧਰਮ ਨੂੰ ਵੱਖਰੀ ਸ਼ਕਲ ਨਹੀ ਦਿੱਤੀ। ਬਾਬੇ ਨਾਨਕ ਦੀ ਫਿਲਾਸਫੀ ੧ੴ ਸੀ। ਇਸ ਤੋਂ ਪਹਿਲਾ ਜੋ ਫਿਲਾਸਫੀ ਪ੍ਰਸਿੱਧ ਸੀ ਇਸ ਵਿੱਚ ਸ਼ੰਕਰ ਦਾ ਮਾਇਆਵਾਦ ਪ੍ਰਚਲਿਤ ਸੀ ਜਿਵੇਂ ਕਿ :

**"ਏਕ ਬ੍ਰਹਮ ਅਸਤਿ ਦੁਤਿਓ ਨਾਸਤਿ"**

(ਭਾਵ ਬ੍ਰਹਮ ਹੀ ਸੱਚ ਹੈ ਬਾਕੀ ਅਸੱਤ ਹੈ)

ਇਸ ਤੋਂ ਇਲਾਵਾ ਇੱਥੇ ਆਤਮਵਾਦ ਦੀ ਥਿਊਰੀ ਵੀ ਚਲਦੀ ਸੀ ਜਿਵੇਂ ਕਿ :

**"ਅਹੰਮ ਬ੍ਰਹਮ ਅਸਮਿ"**

(ਮੈਂ ਹੀ ਈਸ਼ਵਰ ਹਾਂ)

ਬਾਬੇ ਨਾਨਕ ਤੋਂ ਪਹਿਲਾ ਸਰਗੁਣਵਾਦ ਦੀ ਵਿਚਾਰਧਾਰਾ ਪ੍ਰਚਲਿਤ ਸੀ ਜਿਸ ਵਿੱਚ ਮੂਰਤੀ ਪੂਜਾ ਅਤੇ ਭੋਗ ਲਗਾਉਣ ਦੀ ਰਸਮ ਹੁੰਦੀ ਸੀ। ਇਸ ਪਿੱਛੋਂ ਨਿਰਗੁਣਵਾਦ ਵਿਚਾਰਧਾਰਾ ਚੱਲੀ ਜੋ ਕਿ ਬਾਬੇ ਨਾਨਕ ਤੋਂ ਪਹਿਲਾ ਪ੍ਰਚਲਿਤ ਸੀ। ਜਿਸ ਨੇ **so called** ਸ਼ੂਦਰ ਸਮਾਜ ਨੂੰ ਪ੍ਰੋਤਸਾਹਿਤ ਕੀਤਾ ਜਿਸ ਵਿੱਚ ਇੱਕ ਈਸ਼ਵਰ ਅਤੇ ਉਸਦੀ ਸਰਵ ਵਿਆਪਕਤਾ ਦਾ ਪ੍ਰਚਾਰ ਕੀਤਾ ਅਤੇ ਜਿਸ ਦਾ ਅਧਿਕਾਰ ਹਰ ਪ੍ਰਾਣੀ ਨੂੰ ਸੀ। ਇਸ ਵਿਚ ਵੱਖੋ-ਵੱਖਰੀਆਂ ਜਾਤਾਂ ਬਰਾਦਰੀਆਂ ਦੇ ਸੰਤਾਂ ਨੇ ਹਿੱਸਾ ਪਾਇਆ ਅਤੇ ਸਮਾਜ ਨੂੰ ਜੋੜਨ ਦਾ ਕੰਮ ਕੀਤਾ। ਸਮਾਜ ਹਜਾਰਾਂ ਵਰਿਆਂ ਤੋਂ ਵਰਣਾਂ 'ਚ ਵੰਡਿਆਂ

ਹੋਇਆ ਸੀ। ਉਹਨਾਂ ਨੂੰ ਇਹੋ ਜਿਹੇ ਸੰਤਪੁਰਖਾਂ ਦੀ ਲੋੜ ਸੀ ਜੋ ਸਮਾਜ ਨੂੰ ਇਕ ਲੜੀ ਚ ਪ੍ਰੋਅ ਸਕਣ। ਬਾਬੇ ਨਾਨਕ ਨੇ ਆਪਣੀਆਂ ਯਾਤਰਾਵਾਂ ਜਿਸ ਨੂੰ ਉਦਾਸੀਆਂ ਕਿਹਾ ਜਾਂਦਾਂ ਹੈ, ਦੇ ਦੌਰਾਨ ਵੱਖੋ-ਵੱਖਰੇ ਸੰਪਰਦਾਵਾਂ ਦੇ ਧਾਰਮਿਕ ਆਗੂਆ ਨਾਲ ਸੰਵਾਦ ਰਚਾਇਆ ਅਤੇ ਉਹਨਾਂ ਨੂੰ ਆਪਣੇ ਸਿਧਾਂਤ ਬਾਰੇ ਦੱਸਿਆ ਅਤੇ ੧ਓੰ ਫਿਲਾਸਫੀ ਦੀ ਜਾਣਕਾਰੀ ਦਿੱਤੀ। ੧ਓੰ ਨੂੰ ਮੰਨਣ ਦਾ ਅਧਿਕਾਰ ਸਮਾਜ ਦੇ ਹਰ ਮਨੁੱਖ ਅਤੇ ਔਰਤਾਂ ਨੂੰ ਹੈ ਅਤੇ ਇਸ ਫਿਲਾਸਫੀ ਨੇ ਸੰਸਾਰ ਦੀਆਂ ਸਾਰੀਆ ਨਸਲਾਂ ਲਈ ਸਾਂਝਾ ਉਪਦੇਸ਼ ਦਿੱਤਾ। **ਓਅੰਕਾਰ** ਸ਼ਬਦ ਪਹਿਲਾ ਤੋਂ ਹੀ ਮੌਜੂਦ ਸੀ ਜਿਸ ਦਾ **Sir Monier Monier Williams** ਦੀ **ਸੰਸਕ੍ਰਿਤ-ਇੰਗਲਿਸ਼** ਡਿਕਸ਼ਨਰੀ ਵਿੱਚ ਜ਼ਿਕਰ ਕੀਤਾ ਹੈ ਕਿ ਇਹ "**ਕਠੋ ਉਪਨਿਸ਼ਦ**" ਵਿੱਚ ਮਿਲਦਾ ਹੈ। ਇਹ **ਓਅੰਕਾਰ** ਦਾ ਸਿਧਾਂਤ ਸਮਾਜ ਦੇ ਹਰ ਮਨੁੱਖ ਅਤੇ ਇਸਤਰੀ ਲਈ ਨਹੀ ਸੀ। ਇਸ ਦੀ ਸ਼ਕਤੀਆਂ ਦੀ ਵੰਡ ਵੱਖੋ-ਵੱਖਰੀਆਂ ਸ਼ਕਤੀਆਂ ਵਿੱਚ ਕੀਤੀ ਜਾਂਦੀ ਸੀ। ਬਾਬੇ ਨਾਨਕ ਤੋਂ ਪਹਿਲਾ ਇਹ **ਓਅੰਕਾਰ** ਸਿਰਫ ਹਿੰਦੂਆ ਲਈ ਹੀ ਸੀ। ਇਸ ਤਰਾਂ ਜੋ ਬਾਬੇ ਨਾਨਕ ਨੇ ੧ਓੰ ਬਣਾਇਆ ਉਸ ਦਾ ਅਧਿਕਾਰ ਸਮਾਜ ਦੇ ਹਰ ਪ੍ਰਾਣੀ ਨੂੰ ਸੀ। ਇਸ ਤਰਾਂ ਇਹ ਬਾਬੇ ਨਾਨਕ ਦਾ ਸਿਧਾਂਤ ਬਿਨਾਂ ਕਿਸੇ ਵਿਤਕਰੇ ਤੋਂ ਸੀ ਅਤੇ ਸਮਾਜ ਨੂੰ ਜੋੜਣ ਦਾ ਕੰਮ ਕਰਦਾ ਸੀ।

**ਪੰਜਾਬੀਆਂ ਦਾ ਦਸੌਂਟਾ** **(Crises)** : ਬਾਬੇ ਨਾਨਕ ਤੋਂ ਪਹਿਲਾ ਪੰਜਾਬ ਵਿੱਚ ਕਈ ਧਰਮ ਚਲਦੇ ਸਨ ਜਿਵੇਂ ਇਸਲਾਮ, ਬ੍ਰਾਹਮਣਵਾਦ, ਯੋਗਮੱਤ, ਜੈਨ, ਬੁੱਧ, ਦੇਵੀ ਪੂਜਾ, ਵੈਸ਼ਨੂੰ ਪੰਥ, ਸ਼ਿਵ ਪੰਥ, ਨਾਗ ਪੂਜਾ ਆਦਿ। ਉਹਨਾਂ ਨੇ ਵੱਖ-ਵੱਖ ਫਿਰਕੇ ਦੇ ਆਗੂਆ ਦੇ ਨਾਲ ਚਰਚਾਵਾਂ ਕੀਤੀਆਂ ਅਤੇ ਸਮਾਜ ਦੀ ਭਲਾਈ ਲਈ ਪ੍ਰੇਰਣਾ ਦਿੱਤੀ ਤਾਂ ਕਿ ਸਮਾਜ ਦੇ ਦੁੱਖਾ ਅਤੇ ਕਲੇਸ਼ਾ ਦਾ ਹੱਲ ਹੋ ਸਕੇ। ਦੇਸੀ ਪੰਥ

ਤੋਂ ਛੁੱਟ ਇੱਥੇ ਵਿਦੇਸ਼ੀ ਪੰਥ ਇਸਲਾਮ ਦਾ ਕਾਫੀ ਪ੍ਰਭਾਵ ਸੀ। ਪਰ ਉਹਨਾਂ ਨੇ ਸਮਾਜ ਨੂੰ ਜੋੜਣ ਦੀ ਥਾਂ ਵੱਖਰੇ ਸਮਾਜ ਦੀ ਸਥਾਪਤੀ ਤੇ ਜ਼ੋਰ ਦਿੱਤਾ। ਇਸੇ ਤਰਾਂ ਯੋਗੀਆਂ ਨੇ ਆਪਣੀ ਸ਼ਖਸ਼ੀਅਤ ਤੇ ਜ਼ੋਰ ਦਿੱਤਾ ਅਤੇ ਸਮਾਜ ਬਾਰੇ ਨਹੀ ਸੋਚਿਆ। ਦੇਵਤਿਆ ਦੀ ਪੂਜਾ ਕਰਨ ਵਾਲਿਆ ਨੇ ਸਾਰੇ ਫਿਰਕਿਆ ਨੂੰ ਅੱਡੋ-ਅੱਡ ਕਰ ਦਿੱਤਾ। ਇਸ ਪ੍ਰਕਾਰ ਸਮਾਜ ਵਿੱਚ ਭਾਸ਼ਾਈ ਅਤੇ ਧਾਰਮਿਕ ਲੋੜਾਂ ਦਾ ਵਖਰੇਵਾਂ ਬਣਿਆ ਰਿਹਾ ਅਤੇ ਸਮਾਜ ਇੱਕ ਜੁੱਟ ਨਹੀ ਹੋ ਸਕਿਆ। ਜਿਹੜੇ ਸੂਫੀ ਫਕੀਰਾਂ ਨੇ ਪੰਜਾਬੀ ਵਿੱਚ ਰਚਨਾਂ ਕੀਤੀ, ਉਹਨਾਂ ਦਾ ਮਨੋਰਥ ਸਿਰਫ ਆਪਣੇ ਧਰਮ ਨੂੰ ਵਧਾਉਣਾ ਸੀ, ਨਾਂ ਕਿ ਸਮਾਜ ਨੂੰ ਇੱਕ ਜੁੱਟ ਕਰਨਾਂ ਸੀ। ਸਮਾਜ ਦੇ **ਦੋ ਸੂਤਰ** ਅਜਿਹੇ ਹਨ ਜੋ **ਸਮਾਜ ਨੂੰ ਜੋੜਨ** ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਹਿਲਾ **ਧਰਮ ਅਤੇ ਬੋਲੀ, ਦੂਜਾ ਸਾਂਝਾ ਖਿੱਤਾ ਅਤੇ ਰਾਜ ਸੱਤਾ।** ਜਿਵੇਂ 1989 ਵਿੱਚ ਜਰਮਨ ਇੱਕ ਜੁੱਟ ਹੋ ਗਿਆ ਸੀ। ਇਸ ਦੇ ਇੱਕ ਜੁੱਟ ਹੋਣ ਦਾ ਮੁੱਖ ਕਾਰਣ ਇੱਥੇ ਦੇ ਲੋਕਾ ਦੀ ਬੋਲੀ ਅਤੇ ਧਰਮ ਇੱਕ ਹੀ ਸੀ। ਜਦ ਕਿ ਰੂਸ ਦੇ ਕਈ ਟੁਕੜੇ ਹੋ ਗਏ ਕਿਉਕਿ ਇੱਥੇ ਅਨੇਕਾਂ ਧਰਮਾਂ ਅਤੇ ਬੋਲੀਆਂ ਦੇ ਲੋਕ ਵਸਦੇ ਸਨ।

**ਪੰਜਾਬੀ ਕਿਵੇ ਇੱਕ ਜੁੱਟ ਹੋਣ** : ਪੰਜਾਬੀ ਸੰਸਾਰ ਵਿੱਚ 15 ਕਰੋੜ ਤੋਂ ਜ਼ਿਆਦਾ ਹਨ, ਜਿਹੜੇ ਵੱਖੋ ਵੱਖਰੇ ਧਰਮਾਂ ਵਿੱਚ ਵੰਡੇ ਹੋਏ ਹਨ। ਪੰਜਾਬ ਦਾ ਜਿੱਡਾ ਵੱਡਾ **Geographia** ਬਸਤੀਵਾਦ ਅੰਗਰੇਜ਼ਾ ਵੇਲੇ ਸੀ, ਉਸ **Geographia** ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਪੰਜਾਬੀ ਕਿਹਾ ਜਾਂਦਾ ਸੀ। ਉਹਨਾਂ ਵਿੱਚੋਂ ਕੁਝ ਲੋਕ ਆਪਣੇ ਆਪ ਨੂੰ ਵੱਖਰੀ ਬੋਲੀ ਵਾਲੇ ਮੰਨਦੇ ਸਨ ਜੋ ਕਿ ਬਹੁਤ ਘੱਟ ਗਿਣਤੀ ਵਿੱਚ ਸਨ। **ਹਾਫਿਜ਼ ਮੁਹੰਮਦ ਖਾਨ ਸ਼ਿਰਾਨੀ** ਨੇ "**ਪੰਜਾਬ ਮੇਂ ਉਰਦੂ** " ਨਾਂ ਦੀ ਕਿਤਾਬ ਲਿਖੀ ਸੀ। ਜਿਸ ਨੇ ਪੰਜਾਬੀ ਮੁਸਲਮਾਨਾਂ ਨੂੰ ਪਾੜਨ ਦਾ

ਕੰਮ ਕੀਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੇ ਲਾਹੌਰ ਦਰਬਾਰ ਦੀ ਹਾਰ ਮਗਰੋਂ ਪੰਜਾਬ ਅੰਗਰੇਜ਼ਾ ਦੇ ਕਬਜ਼ੇ ਅਧੀਨ ਹੋ ਗਿਆ। ਅੰਗਰੇਜ਼ਾ ਨੇ ਲਾਹੌਰ ਦਰਬਾਰ ਦੀ ਭਾਸ਼ਾ ਨੀਤੀ ਨੂੰ ਬਦਲਿਆ। ਲਾਹੌਰ ਦਰਬਾਰ ਦੀ ਸਰਕਾਰੀ ਭਾਸ਼ਾ ਫਾਰਸੀ ਸੀ। ਜਿਸ ਦਾ ਪੰਜਾਬ ਨਾਲ ਦੂਰ-ਨੇੜੇ ਦਾ ਕੋਈ ਸਬੰਧ ਵੀ ਨਹੀ ਸੀ। ਫਾਰਸੀ ਤਾਂ ਈਰਾਨ ਦੇ ਲੋਕਾਂ ਦੀ ਬੋਲੀ ਹੈ ਜੋ ਅੱਜ ਵੀ 50 % ਲੋਕ ਈਰਾਨ ਵਿੱਚ ਫਾਰਸੀ ਬੋਲਦੇ ਹਨ ਅਤੇ ਬਾਕੀ 50% ਵੱਖੋ ਵੱਖਰੀਆਂ ਬੋਲੀਆਂ ਬੋਲਦੇ ਹਨ। ਸੋ ਇਥੋ ਇਹ ਪਤਾ ਲੱਗਦਾ ਹੈ ਕਿ **so called** ਆਰੀਆ ਈਰਾਨੀ ਜਾਂ ਫਾਰਸੀ ਬੋਲਦੇ ਹਨ। ਭਾਰਤ ਵਿੱਚ ਕੋਈ ਭਾਸ਼ਾ ਆਰੀਆ ਨਹੀ ਹੈ। **ਜੇ ਸਿੱਖ ਰਾਜੇ ਗੁਰਮੁਖੀ ਅਤੇ ਪੰਜਾਬੀ ਦੀ ਬਾਂਹ ਫੜਦੇ ਤਾਂ ਇਹ ਪੂਰੇ ਭਾਰਤ ਦੀ ਬੋਲੀ ਹੋਣੀ ਸੀ। ਕਾਮਰੇਡ ਸੋਹਣ ਸਿੰਘ ਜੋਸ਼ ਨੇ ਆਪਣੀ ਕਿਤਾਬ ਵਿੱਚ ਮਿਹਣਾ ਮਾਰਦਿਆ ਕਿਹਾ ਹੈ ਕਿ ਜੇ ਮੁਸਲਮਾਨ ਨਵਾਬਾਂ ਨੇ ਉਰਦੂ ਦੀ ਬਾਂਹ ਫੜੀ ਹੈ ਤਾਂ ਸਿੱਖ ਰਾਜਿਆ ਨੇ ਪੰਜਾਬੀ ਦੀ ਬਾਂਹ ਕਿਉ ਨਹੀ ਫੜੀ?** ਜੇਕਰ ਸਿੱਖ ਰਾਜਿਆ ਨੇ ਪੰਜਾਬੀ ਦੀ ਬਾਂਹ ਫੜੀ ਹੁੰਦੀ ਤਾਂ ਇਹ ਦੂਰ ਤੱਕ ਫੈਲੀ ਹੋਣੀ ਸੀ। ਇਸ ਤਰਾਂ ਨਾ ਹਿੰਦੂ ਅਤੇ ਨਾ ਮੁਸਲਮਾਨ ਦੂਜੀ ਬੋਲੀ ਵੱਲ ਧੱਕੇ ਜਾਂਦੇ। ਇਸ ਵਿੱਚ ਕਸੂਰ ਸਿਰਫ ਸਿੱਖ ਲੀਡਰਾਂ ਦਾ ਹੀ ਨਹੀ ਬਲਕਿ ਇਸ ਵਿੱਚ ਹਿੰਦੂ ਅਤੇ ਮੁਸਲਮਾਨ ਲੀਡਰਾਂ ਦਾ ਵੀ ਕਸੂਰ ਹੈ। ਜਿਵੇਂ ਅੱਜ ਵੀ ਪਾਕਿਸਤਾਨ ਪੰਜਾਬ ਵਿੱਚ ਸਰਕਾਰੀ ਬੋਲੀ ਉਰਦੂ ਹੈ। ਇੰਜ ਇੱਕ ਹੋਰ ਸ਼ਰਾਰਤ ਕੀਤੀ ਹੈ ਕਿ ਲਹਿੰਦੀ ਨੂੰ **ਸੋਰਾਇਕੀ** ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਸੇ ਤਰਾਂ ਜੰਮੂ ਕਸ਼ਮੀਰ ਵਿੱਚ ਉਰਦੂ ਬੋਲੀ ਠੋਕੀ ਗਈ ਹੈ ਜਦਕਿ ਇਥੇ ਕੋਈ ਵੀ ਉਰਦੂ ਨਹੀ ਬੋਲਦਾ ਹੈ। ਹਿਮਾਚਲ ਵਿੱਚ ਹਿੰਦੀ ਬੋਲੀ ਠੋਕੀ ਗਈ ਹੈ ਜਦਕਿ ਇੱਥੇ ਕੋਈ ਵੀ ਹਿੰਦੀ ਨਹੀ ਬੋਲਦਾ ਹੈ। ਹਿਮਾਚਲ ਅਤੇ ਜੰਮੂ ਕਸ਼ਮੀਰ ਵਿੱਚ ਅਜਿਹਾ ਤਾਂ ਕੀਤਾ ਗਿਆ ਹੈ

ਕਿ ਪੁਰਾਣੀ ਲਿੱਪੀ ਨਾਲੋ ਸਬੰਧ ਤੋੜ ਕੇ ਦੇਵਨਾਗਰੀ ਲਿੱਪੀ ਨਾਲ ਜੋੜਿਆ ਜਾ ਸਕੇ। ਮੌਜੂਦਾ ਦੌਰ ਵਿੱਚ ਤੇ ਧਾਰਮਿਕ ਤੌਰ ਤੇ ਤਿੰਨ ਧਿਰਾਂ ਹਨ। ਪਹਿਲੀ ਵੱਡੀ ਧਿਰ ਮੁਸਲਮਾਨ, ਦੂਜੀ ਹਿੰਦੂ ਅਤੇ ਤੀਜੀ ਸਿੱਖ। ਇਹਨਾਂ ਤਿੰਨਾਂ ਦਾ ਸਾਂਝਾ ਸੂਤਰ ਪੰਜਾਬੀ ਹੀ ਹੈ। ਜਿਹੜੀ ਕਿ ਇਹਨਾਂ ਨੂੰ ਜੋੜ ਸਕਦੀ ਹੈ। ਉਪਰੋਕਤ ਤਿੰਨੇਂ ਧਿਰਾਂ ਦਾ ਧਾਰਮਿਕ ਤੌਰ ਤੇ ਕੁਝ ਵੀ ਸਾਂਝਾ ਨਹੀ ਤਾਂ ਕਿ ਇਹ ਇਕੱਠੇ ਹੋ ਸਕਣ। ਜਿਹੜੀ 1947 ਦੀ ਤਰਾਸਦੀ ਹੋਈ ਹੈ ਉਹ ਪੰਜਾਬੀ ਦੇ ਸਾਂਝੇ ਸੂਤਰ ਨੂੰ ਛੱਡਣ ਕਰਕੇ ਹੀ ਹੋਈ ਹੈ। ਜਿਸ ਵਿੱਚ ਲਗਭਗ 10 ਲੱਖ ਪੰਜਬੀਆ ਦਾ ਘਾਣ ਹੋਇਆ ਹੈ। ਇਸ ਤਰਾਂ ਬੋਲੀ ਇੱਕ ਘੱਟੋ-ਘੱਟ ਅਜਿਹਾ ਸਾਂਝਾ ਸੂਤਰ ਹੁੰਦਾ ਜੋ ਵੱਖ- ਵੱਖ ਧਰਮਾਂ ਦੇ ਲੋਕਾਂ ਨੂੰ ਇਕੱਠੇ ਹੋਣ ਵਿੱਚ ਸਹਾਈ ਹੁੰਦਾ ਹੈ। ਜਿਵੇ ਜਰਮਨ ਦੋ ਟੁੱਕ ਹੋਣ ਦੇ ਬਾਵਜੂਦ ਵੀ ਇਕੱਠਾ ਹੋ ਗਿਆ ਕਿਉਕਿ ਕੁਦਰਤੀ ਜਰਮਨ ਕੋਲ ਦੋ ਸਾਂਝੇ ਸੂਤਰ ਸੀ, ਇੱਕ ਧਰਮ ਅਤੇ ਦੂਜਾ ਬੋਲੀ। ਇਸ ਸਾਂਝ ਕਰਕੇ ਹੀ ਪੂਰਬੀ ਜਰਮਨ ਅਤੇ ਪੱਛਮੀ ਜਰਮਨ ਵਿਚਲੀ ਕੰਧ ਢਾਅ ਦਿੱਤੀ ਗਈ ਅਤੇ ਉਹਨਾਂ ਨੂੰ ਇਸੇ ਸਾਂਝੇ ਸੂਤਰ ਨੇ ਆਪਸ ਵਿੱਚ ਗਲਵੱਕੜੀ ਪੁਆ ਦਿੱਤੀ।

ਪੰਜਾਬ ਵਿੱਚ ਮਿਲੀਟੈਂਸੀ ਦੇ ਦੌਰ ਵਿੱਚ ਅਖਬਾਰਾਂ ਵਿੱਚ ਗੱਲ ਦੁਹਰਾਈ ਜਾਂਦੀ ਰਹੀ ਕਿ ਕਿਉ ਨਾ ਪੰਜਾਬ ਵਿੱਚ 1966 ਤੋਂ ਪਹਿਲਾ ਵਾਲੀ ਸਥਿਤੀ ਹੋ ਜਾਵੇ। ਇਹ ਗੱਲ ਨਾਂ ਤਾਂ ਹਿਮਾਚਲ ਦੇ ਹਿੰਦੂਆ ਨੇ ਕੀਤੀ ਅਤੇ ਨਾ ਹੀ ਹਰਿਆਣੇ ਦੇ ਹਿੰਦੂਆ ਨੇ ਕੀਤੀ। ਜੇਕਰ ਇਹ ਸਾਰੇ ਰਲ਼ ਜਾਂਦੇ ਤਾਂ ਇੱਕ ਜੁੱਟ ਹੋ ਜਾਣਾ ਸੀ ਪਰ ਅਜਿਹੀ ਸਥਿਤੀ ਉਹਨਾਂ ਨੇ ਪੈਦਾ ਨਹੀ ਹੋਣ ਦਿੱਤੀ ਤਾਂ ਕਿ 1966 ਤੋਂ ਪਹਿਲਾ ਵਾਲੀ ਸਥਿਤੀ ਨਾ ਹੋ ਸਕੇ। ਦੋਵੇਂ ਧਿਰਾਂ ਹਿੰਦੀ ਦੇ ਪੱਖ ਵਿੱਚ ਖੜੀਆਂ ਹੋ ਗਈਆ ਅਤੇ ਉਸ ਵੇਲੇ ਚੰਡੀਗੜ ਦਾ ਵੀ ਇਹੀ

ਹਾਲ ਸੀ। ਉਹਨਾਂ ਦਿਨਾਂ ਦੇ ਦੌਰਾਨ ਲੋਕਾਂ ਨੇ Census ਵਿੱਚ ਹਿੰਦੀ ਲਿਖਵਾ ਦਿੱਤੀ। ਸਵਰਗਵਾਸੀ ਪ੍ਰੋ. ਡਾ. ਵਿਸ਼ਵ ਨਾਥ ਤਿਵਾੜੀ ਨੇ ਬਿਆਨ ਦਿੱਤਾ ਸੀ ਕਿ ਅਸੀਂ ਚੰਡੀਗੜ ਲੋਕਾਂ ਦੇ ਲੋਕਾਂ ਦਾ Census ਕਰਵਾਇਆ ਜਿਸ ਵਿੱਚ ਪਤਾ ਲੱਗਿਆ ਕਿ 90% ਲੋਕ ਤਾਂ ਪੰਜਾਬੀ ਬੋਲਦੇ ਹਨ ਅਤੇ 10% ਹੋਰ ਬੋਲੀ ਬੋਲਦੇ ਹਨ। ਜਦਕਿ ਚੰਡੀਗੜ ਦੇ ਲੋਕਾਂ ਨੇ ਪੰਜਾਬੀ ਬੋਲੀ ਲਈ ਕੋਈ ਵੀ ਉਪਰਾਲਾ ਨਹੀ ਕੀਤਾ। ਉਸ ਵੇਲੇ ਚੰਡੀਗੜ ਵਿੱਚ ਬਹੁਤ ਗਿਣਤੀ ਹਿੰਦੂਆਂ ਦੀ ਹੀ ਸੀ। ਪਰ ਅੱਜ ਵੀ ਚੰਡੀਗੜ ਵਿੱਚ ਹਿੰਦੂਆ ਦੀ ਹੀ ਬਹੁ-ਗਿਣਤੀ ਹੈ। ਇੰਜ ਅਸੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸੰਸਾਰ ਭਰ ਦੇ ਪੰਜਾਬੀ ਇੱਕ ਜੁੱਟ ਬੋਲੀ ਨਾਲ ਹੀ ਹੋ ਸਕਦੇ ਹਨ, ਜਦ ਕਿ ਧਰਮ ਨਾਲ ਇੱਕ ਜੁੱਟ ਨਹੀ ਹੋ ਸਕਦੇ ਹਨ।

# ਪੰਜਾਬੀ ਬੋਲੀ ਦਾ ਮੁੱਢ

ਪੰਜਾਬੀ ਬੋਲੀ ਇਕ ਕੁਦਰਤੀ ਬੋਲੀ ਹੈ, ਜਿਵੇਂ ਹੋਰ ਪੁਰਾਤਨ ਬੋਲੀਆਂ ਦਾ ਜਨਮ ਹੋਇਆ ਹੈ ਉਸੇ ਤਰਾਂ ਹੀ ਪੰਜਾਬੀ ਦਾ ਵੀ ਜਨਮ ਹੋਇਆ ਹੈ। ਪੰਜਾਬ ਦੇ ਭੂਗੋਲ ਤੋਂ ਪਤਾ ਚਲਦਾ ਹੈ ਕਿ ਇੱਥੇ ਸਮੇਂ-ਸਮੇਂ ਤੇ ਬਾਹਰਲੇ ਧਾੜਵੀਂ ਆਉਦੇਂ ਰਹੇ ਅਤੇ ਲੁੱਟਦੇ ਰਹੇ। ਇੱਥੇ ਦੇ ਲੋਕਾਂ ਦੀ ਰਹਿਣੀ ਬਹਿਣੀ (ਸੱਭਿਆਚਾਰ), ਬੋਲੀ, ਧਰਮ, ਰਾਜਨੀਤੀ ਅਤੇ ਇਤਿਹਾਸ ਤੇ ਆਪਣੀ ਛਾਪ ਛੱਡਦੇ ਰਹੇ। ਪੰਜਾਬ ਦੀ ਪ੍ਰਭੁਸਤਾ ਨੂੰ ਢਾਹ ਲਾਉਂਦੇ ਰਹੇ। ਇੱਥੋ ਦੇ ਵਸਣ ਵਾਲਿਆ ਦੇ ਵਡਾਰੂ ਕੋਈ ਐਂਵੇ ਕਿਵੇਂ ਦੇ ਮਨੁੱਖ ਨਹੀ ਸਨ। ਉਹ ਸੰਸਾਰ ਦੀਆਂ ਸਮਕਾਲੀ ਸਭਿਅਤਾਂਵਾਂ ਦੇ ਨਾਲ ਆਪਣੀ ਸਭਿਅਤਾਂਵਾਂ ਨਾਲ ਮੜਿਕਦੇ ਰਹੇ। ਜਿਸ ਦਾ ਪਤਾ ਸਾਨੂੰ ਹੜੱਪੇ ਦੀ Archaeology excavation ਤੋਂ ਪਤਾ ਚਲਦਾ ਹੈ ਕਿ ਸਾਡੇ ਵਡਾਰੂ ਕਿੰਨੇ ਮਹਾਨ ਸਭਿਅਤਾ ਨੂੰ ਜਨਮ ਦੇਣ ਵਾਲੇ ਸਨ। ਇਸ ਦਾ ਪਤਾ ਉਸ ਸਮੇਂ Archaeology ਦੇ department ਦੇ John Marshal ਤੇ ਉਸ ਤੋਂ ਬਾਅਦ Vatas ਦੀ ਪੇਸ਼ ਕੀਤੀ ਰਿਪੋਰਟ ਤੋ ਲੱਗਦਾ ਹੈ। ਜਿਸ ਵਿੱਚ ਮੁੱਖ ਤੌਰ ਤੇ ਵਸਤੂਆਂ ਸਨ- Jwellary, Potery, Seals, Part of Building Construction ਅਤੇ ਇੱਥੇ ਦੀ ਲਿੱਪੀ ਕਾਬਲ ਏ ਜ਼ਿਕਰ ਹੈ।

ਡਾ. G.R. Hunter 1933 ਈ. ਵਿੱਚ ਹੜੱਪਾ ਅਤੇ ਮੋਇੰਜੋਦੜੋ ਦੀ ਲਿੱਪੀ ਤੇ Ph.D. ਕੀਤੀ ਸੀ। ਇਹ ਲਿੱਪੀ ਅਜੇ ਤੱਕ ਵੀ ਸੰਸਾਰ ਵਿੱਚ ਬੁਝਾਰਤ ਬਣੀ ਹੋਈ ਹੈ। ਭਾਵ ਕਿ ਅਜੇ ਤੱਕ ਇਹ ਲਿੱਪੀ ਪੜੀ ਨਹੀ ਗਈ। ਇੱਥੋ ਤੱਕ ਕਿ ਫਿਨਲੈਂਡ ਦੇ ਪ੍ਰੋ. Asko Parpola ਨੇ 10 July 2010 ਵਿੱਚ The Tribune ਦੇ ਨਾਲ Interview ਵਿੱਚ

ਖੁਲਾਸਾ ਕੀਤਾ ਕਿ ਅਜੇ ਤੱਕ ਵੀ ਹੜੱਪੇ ਦੀ ਲਿੱਪੀ ਬੁਝਾਰਤ ਬਣੀ ਹੋਈ ਹੈ।

ਸੋ ਸਾਡੇ ਖੋਜੀਆ ਨੂੰ ਚਾਹੀਦਾ ਹੈ ਕਿ ਉਹ ਆਪਣੇ Background ਨਾਲ ਜੁੜ ਕੇ ਹੀ ਕਿਸੇ ਸਿੱਟੇ ਤੇ ਪਹੁੰਚਣ, ਨਾ ਕਿਸੇ ਵਿਕਾਸ ਦੇ ਨਾਂ ਤੇ ਭਾਸ਼ਾ ਅਤੇ ਨਾ ਹੀ ਗੁਰਮੁਖੀ ਲਿੱਪੀ ਨੂੰ ਨੁਕਸਾਨ ਪਹੁੰਚਾਉਣ ਦੀ ਖੇਚਲ਼ ਨਾ ਕਰਨ।

ਇਹ ਸਾਬਤ ਹੋ ਚੁੱਕਾ ਹੈ ਕਿ ਆਰੀਅਨ ਨਸਲ ਬਾਹਰੋਂ ਆਈ ਸੀ। ਇਸ ਦੀ ਆਪਣੀ ਬੋਲੀ ਦੇ ਨਮੂਨੇ ਗਿਰਵੇਦ ਵਿੱਚੋਂ ਦੇਖੇ ਜਾ ਸਕਦੇ ਹਨ। "**ਸੰਸਕ੍ਰਿਤ ਸਾਹਿਤ ਕਾ ਇਤਿਹਾਸ**" ਦੇ ਕਰਤਾ ਡਾ. ਬਹਾਦਰ ਚੰਦ ਡਿਪਟੀ ਡਾਇਰੈਕਟਰ (Archaeology) ਦਾ ਮੰਨਣਾ ਹੈ ਕਿ ਰਿਗਵੇਦ ਦੀ ਭਾਸ਼ਾ ਸੰਸਕ੍ਰਿਤ ਹੀ ਸੀ। ਇਸ ਤੋਂ ਪਤਾ ਚਲਦਾ ਹੈ ਕਿ ਸੰਸਕ੍ਰਿਤ ਹੀ ਆਰੀਅਨ ਭਾਸ਼ਾ ਹੈ।

ਡਾ. Caldwell, "Dravidian Grammer" ਦੇ ਕਰਤਾ ਨੇ ਆਪਣੀ ਪੁਸਤਕ ਵਿੱਚ ਮੰਨਿਆ ਹੈ ਕਿ ਆਰੀਆ ਦੇ ਆਉਣ ਤੋਂ ਪਹਿਲਾ ਇੱਥੇ ਸ਼ੂਦਰ ਕਬੀਲਾ ਰਹਿੰਦਾ ਸੀ। ਸਭ ਤੋਂ ਪਹਿਲਾ ਆਰੀਆ ਦੀ ਉਸ ਕਬੀਲੇ ਨਾਲ ਮੁੱਠਭੇੜ ਹੋਈ ਅਤੇ ਆਰੀਅਨ ਜੇਤੂ ਰਿਹਾ। ਸ਼ੂਦਰਾ ਤੋਂ ਇਲਾਵਾ ਇੱਥੇ ਹੋਰ ਕਬੀਲੇ ਵੀ ਰਹਿੰਦੇ ਸਨ। ਉਹ ਵੀ ਆਰੀਆ ਲੋਕਾਂ ਤੋਂ ਹਾਰ ਗਏ। ਸਾਰੇ ਹਾਰੇ ਹੋਇਆ ਨੂੰ ਸ਼ੂਦਰ ਦਾ ਨਾਂ ਦਿੱਤਾ। ਜਿਸ ਤਰਾਂ ਇੱਕ ਧਾੜਵੀ ਗੁਲਾਮ ਲੋਕਾ ਨਾਲ ਸਲੂਕ ਕਰਦਾ ਹੈ, ਉਸੇ ਤਰ੍ਹਾਂ ਆਰੀਆਂ ਨੇ ਵੀ ਕੀਤਾ। ਇੱਥੇ ਦੀ ਲਿੱਪੀ ਅਤੇ ਭਾਸ਼ਾ ਨੂੰ ਵੀ ਮਧੋਲ਼ ਦਿੱਤਾ ਗਿਆ। ਉਹਨਾਂ ਨੇ ਰਾਜ ਸ਼ਕਤੀ ਦੇ ਦੁਆਰਾ ਬੋਲੀ, ਲਿੱਪੀ, ਕਲ਼ਚਰ ਅਤੇ ਧਰਮ ਨੂੰ ਦਬਾ ਦਿੱਤਾ ਗਿਆ ਜਿਸ ਦਾ ਸਿੱਟਾ ਲੋਕ ਅੱਜ ਤੱਕ ਭੋਗ ਰਹੇ ਹਨ।

ਅੱਜ ਦੇ ਪੰਜਾਬੀ ਲੋਕਾਂ ਦੇ ਰਵੱਈਏ ਤੋਂ ਪਤਾ ਚਲਦਾ ਹੈ ਕਿ ਉਹ ਅੱਜ ਵੀ ਗੁਲਾਮ ਜ਼ਹਿਨੀਅਤ ਕਰਕੇ ਆਪਣੀ ਪਛਾਣ ਨਹੀ ਕਰ ਸਕੇ। ਜਿੱਥੋ ਤੱਕ ਪੰਜਾਬੀ ਲੋਕਾਂ ਦੀ ਨਸਲ ਦਾ ਸਬੰਧ ਹੈ ਕਿ ਉਹ ਸ਼ੂਦਰ ਨਸਲ ਨਾਲ ਸਬੰਧ ਰੱਖਦਾ ਹੈ, ਜੋ ਕਿ ਦੂਜੀਆਂ ਨਸਲਾਂ ਨਾਲੋ ਭਿੰਨ ਹੈ। ਜਿਵੇਂ Dravidian, Munda, Turkish, Semitic, Mongoloid, Negro ਅਤੇ Austroloid Negro ਵੀ ਨਹੀ ਹਨ, ਜਿਹੜਾ ਕਿ Dravidian, Munda ਅਤੇ Aryan ਦੀ ਬੋਲੀ ਨਾਲ ਤੁਲਨਾ ਕਰਨ ਤੇ ਪਤਾ ਲਗਦਾ ਹੈ ਕਿ ਸਾਂਝਾ ਕੁਝ ਵੀ ਨਹੀ ਹੈ। ਇਹਨਾਂ ਦੀ ਤੁਲਨਾ ਪੰਜਾਬੀ ਗਰੈਮਰ ਨਾਲ ਤੁਲਨਾ ਕਰਨ ਤੇ ਕੁਝ ਵੀ ਸਾਂਝਾ ਸਾਬਤ ਨਹੀ ਹੁੰਦਾ ਹੈ। ਪੰਜਾਬ ਵਿੱਚ ਧਰਮ ਦਾ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਜਿਹਨਾਂ ਧਰਮਾਂ ਨੇ ਪੰਜਾਬੀਆਂ ਤੇ ਦਬਾ ਪਾਇਆ ਤੇ ਉਹਨਾਂ ਨੂੰ ਅਲੱਗ-ਅਲੱਗ ਧਰਮਾਂ ਵਿੱਚ ਵੰਡ ਦਿੱਤਾ। ਜਿਹਨਾਂ ਧਰਮਾਂ ਦੇ ਮੁਖੀਆਂ ਨੇ ਇਹਨਾਂ ਨੂੰ ਵੰਡਿਆ ਹੈ ਉਹਨਾਂ ਨੇ ਇੱਥੋ ਦੀ ਬੋਲੀ ਅਤੇ ਲਿੱਪੀ ਨਾਲ ਧਾੜਵੀਆਂ ਵਰਗਾ ਸਲੂਕ ਕੀਤਾ। ਜਿਹੜੇ ਪੰਜਾਬ ਵਿੱਚ ਧਰਮ ਪ੍ਰਚੱਲਿਤ ਰਹੇ ਉਹਨਾਂ ਵਿੱਚੋਂ ਬਹੁਤਾ ਅਸਰ ਬੋਧੀਆਂ ਤੋਂ ਕਬੂਲ ਕੀਤਾ। ਬੋਧੀਆਂ ਨੇ ਇੱਥੋ ਦੀ ਲਿੱਪੀ ਅਤੇ ਭਾਸ਼ਾ ਦਬਾ ਕੇ ਆਪਣੀ ਭਾਸ਼ਾ ਪਾਲੀ ਅਤੇ ਅਸ਼ੋਕ ਲਿੱਪੀ ਲੱਦ ਦਿੱਤੀ। ਅਸ਼ੋਕ ਤੋਂ ਪਹਿਲਾ ਸਿਕੰਦਰ ਦਾ ਹਮਲਾ ਹੋਇਆ ਜਿਸ ਕਰਕੇ ਉਹਨਾਂ ਨੇ ਯੂਨਾਨੀ ਲਿੱਪੀ ਅਤੇ ਬੋਲੀ ਦਾ ਪ੍ਰਚਾਰ ਕੀਤਾ ਅਤੇ ਯੂਨਾਨੀ ਬੋਲੀ ਵਿੱਚ ਸਿੱਕੇ ਵੀ ਚਲਾਏ। ਇਸ ਦਾ ਸਬੂਤ ਪੰਜਾਬੀ ਭਾਸ਼ਾ 'ਚ ਯੂਨਾਨੀ ਭਾਸ਼ਾ ਦੇ ਆਏ ਹੋਏ ਸ਼ਬਦਾ ਤੋਂ ਪਤਾ ਚਲਦਾ ਹੈ। ਇੱਥੇ ਅਸ਼ੋਕ ਤੋਂ ਪਹਿਲਾ ਦੇ ਸਮੇਂ ਦੀ ਲਿੱਪੀ ਵੀ ਮਿਲਦੀ ਹੈ। ਜਿਸ ਦਾ ਨਾਂ ਖਰੋਟੀ ਜਾਂ ਖਰੋਸ਼ਟੀ ਹੈ, ਤੇ ਵੀ ਈਰਾਨੀਆ ਦਾ ਪ੍ਰਭਾਵ ਨਜ਼ਰ ਅਉਂਦਾ ਹੈ। ਉਸ ਪਿੱਛੋ ਜਿਹੜੀ ਇੱਥੇ ਕੌਮ ਆਈ

ਉਸਦੀ ਆਪਣੀ ਭਾਸ਼ਾ, ਲਿੱਪੀ ਅਤੇ ਧਰਮ ਸੀ। ਜਿਸ ਨੇ ਪੰਜਾਬ ਹੀ ਨਹੀ ਬਲਕਿ ਭਾਰਤ ਦੇ ਹੋਰ ਭਾਗਾ ਵਿੱਚ ਵੀ ਅਸਰ ਛੱਡਿਆ।

Semtic ਕੌਮ ਆਰੀਆ ਨਾਲੋਂ ਲੋਕਾਂ ਨਾਲ ਸਲੂਕ ਕਰਨ ਵਿੱਚ ਭਿੰਨ ਲੱਗਦੀ ਸੀ। ਆਰੀਆ ਲੋਕਾਂ ਨੇ ਲੋਕਾਂ ਨਾਲ ਆਪਣੇ ਧਰਮ ਵਿੱਚ ਦਾਖਲ ਕਰਕੇ ਵੀ ਉਹਨਾਂ ਨੇ ਉਹਨਾਂ ਦੇ ਅਧਿਕਾਰ ਖੋ ਲਏ। ਜਦਕਿ Semtic ਲੋਕਾਂ ਨੇ ਆਪਣੇ ਧਰਮ ਵਿੱਚ ਸ਼ਾਮਿਲ ਕਰਕੇ ਉਹਨਾਂ ਨੂੰ ਆਪਣਾ ਭਾਈਵਾਲ ਬਣਾਇਆ। ਸਿੱਟਾ ਇਹ ਨਿਕਲਿਆ ਕਿ ਬਹੁਤ ਸਾਰੇ ਲੋਕ Semtic ਧਰਮ ਵਿੱਚ ਸ਼ਾਮਿਲ ਹੋ ਗਏ ਅਤੇ ਜਿਹੜੇ unsemtic ਧਰਮ ਵਿੱਚ ਰਹਿ ਗਏ ਉਹਨਾਂ ਲੋਕਾਂ ਨਾਲ ਗੈਰ ਬਰਾਬਰੀ ਦਾ ਸਲੂਕ ਕੀਤਾ ਗਿਆ। ਭਾਰਤ ਵਿੱਚ Semtic, Aryan ਅਤੇ ਦੇਸੀ ਬੰਦਿਆ ਵਿਚਾਲੇ ਗੁੱਥਮ-ਗੁੱਥਾ ਭਾਵ ਕਸ਼ਮ-ਕਸ਼ ਹੋ ਗਿਆ। ਇਸ ਤੋਂ ਪਹਿਲਾ ਬੋਧੀਆ ਅਤੇ ਵੇਦਾਂਤੀਆ ਵਿਚਾਲੇ ਅਜਿਹਾ ਕੁਝ ਵੀ ਹੋਇਆ। ਜਿਸ ਦਾ ਇੱਥੇ ਦੇ ਲੋਕਾਂ ਨੂੰ ਸਿੱਟਾ ਭੁਗਤਨਾਂ ਪਿਆ। ਇਸ ਨਾਲ ਇਹ ਹੋਇਆ ਕਿ ਮੁਲਕ ਬਾਰ-ਬਾਰ ਗੁਲਾਮ ਹੋਇਆ। ਧਰਮਾਂ ਦੀ ਕਸ਼ਮ-ਕਸ਼ ਕਰਕੇ ਇੱਥੇ ਇਕ ਨਵੀਂ ਵਿਚਾਰਧਾਰਾ ਨੇ ਜਨਮ ਲਿਆ ਜਿਸਨੂੰ ਨਿਰਗੁਣਵਾਦ ਕਹਿੰਦੇ ਹਨ। ਇਸ ਵਿਚਾਰਧਾਰਾ ਦੇ ਮੰਨਣ ਵਾਲੇ ਪ੍ਰਚਾਰਕਾਂ ਨੇ ਕਾਫੀ ਪ੍ਰਚਾਰ ਕੀਤਾ ਅਤੇ ਕਾਫੀ ਹੱਦ ਤੱਕ ਸਫਲ ਰਹੇ ਅਤੇ ਲੋਕਾਂ ਤੇ ਆਪਣਾ ਪ੍ਰਭਾਵ ਛੱਡਿਆ।

ਮਹਿਮੂਦ ਗਜ਼ਨਵੀ ਤੁਰਕੀ ਨਸਲ, Semtic ਧਰਮ ਨੂੰ ਮੰਨਣ ਵਾਲਾ ਸੀ। ਪੰਜਾਬ ਦੇ ਸ਼ਾਸ਼ਕ ਅਨੰਗਪਾਲ ਨੂੰ ਹਰਾਉਣ ਪਿੱਛੋ ਪੰਜਾਬ ਦੇ ਲੋਕ ਰਾਜਨੀਤੀ ਤੌਰ ਤੇ ਵੀ ਗੁਲਾਮ ਹੋ ਗਏ। ਅਨੰਗਪਾਲ ਦਾ ਪੁੱਤਰ ਵੀ Semtic ਧਰਮ ਦਾ ਧਰਨੀ ਬਣ ਗਿਆ। ਜਿਸ ਦਾ ਨਾਂ ਅਬਦੁੱਲ ਰਹਿਮਾਨ ਰੱਖਿਆ ਅਤੇ ਇਸ ਨੂੰ ਪੰਜਾਬੀ ਦਾ ਪਹਿਲਾ ਲਿਖਾਰੀ ਮੰਨਿਆ ਜਾਂਦਾ ਹੈ। ਪਰ ਇਸ ਦਾ ਅਰਥ ਇਹ ਨਹੀ ਹੈ ਕਿ

ਪੰਜਾਬੀ ਇਸ ਤੋਂ ਪਹਿਲਾ ਨਹੀ ਸੀ। ਪੰਜਾਬੀ ਤਾਂ ਪਹਿਲਾ ਵੀ ਪ੍ਰਚਲਿਤ ਸੀ। ਇੱਥੋ ਦੇ ਸ਼ਾਸ਼ਕਾਂ ਨੇ ਪੰਜਾਬੀ ਨੂੰ ਨੇੜੇ ਨਹੀ ਢੁੱਕਣ ਦਿੱਤਾ। ਕਿਉਕਿ ਉਹ ਬ੍ਰਾਹਮਣੀਕਲ਼ ਸਿਸਟਮ ਨੂੰ ਮੰਨਣ ਵਾਲੇ ਸਨ। ਬ੍ਰਾਹਮਣ ਦਾ ਭਰੋਸਾ ਸੀ ਕਿ ਸੰਸਕ੍ਰਿਤ ਦੇਵਤਿਆ ਦੀ ਬੋਲੀ ਹੈ ਜਦਕਿ ਪੰਜਾਬੀ ਅਨ-ਪੜ੍ਹਿਆਂ ਦੀ ਬੋਲੀ ਹੈ। 10ਵੀ ਸਦੀ ਵਿੱਚ ਕੁਝ ਸੂਫੀ ਵੀ ਹਾਕਮਾਂ ਨਾਲ ਆਏ, ਆਪਣੇ ਸਿਧਾਤਾਂ ਦਾ ਪ੍ਰਚਾਰ ਕੀਤਾ ਅਤੇ ਮੁਸਲ਼ਮਾਨਾ ਹਾਕਮਾਂ ਨੇ ਸਰਪ੍ਰਸਤੀ ਕੀਤੀ। ਸਿੱਟੇ ਵਜੋਂ 1947 ਵਿੱਚ ਪੰਜਾਬ ਵਿੱਚ ਮੁਸਲ਼ਮਾਨਾਂ ਦੀ ਗਿਣਤੀ 56% ਹੋ ਗਈ। ਜਦੋ ਅੰਗਰੇਜ਼ੀ ਹਕੂਮਤ ਨੇ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਅਤੇ ਹਦਾਇਤਾਂ ਦੀ ਬੋਲੀ ਦਾ ਐਲਾਨ ਕੀਤਾ ਤਾਂ ਮੁਸਲ਼ਮਾਨ ਅੜਿੱਕਾ ਬਣੇ। ਉਹਨਾਂ ਨੇ ਅੰਗਰੇਜ਼ਾ ਤੋਂ ਬਲਕਿ ਉਰਦੂ ਨੂੰ ਸਿੱਖਿਆ ਦਾ ਮਾਧਿਅਮ ਅਤੇ ਹਿਦਾਇਤਾਂ ਦਾ ਮਾਧਿਅਮ ਬਣਵਾ ਲਿਆ। ਅੰਗਰੇਜ਼ਾ ਤੋਂ ਪਹਿਲਾ ਇੱਥੇ ਸਿੱਖ ਸ਼ਾਸ਼ਕ ਸਨ। ਉਹਨਾਂ ਨੇ ਵੀ ਪੰਜਾਬੀ ਦੀ ਬਾਂਹ ਨਹੀ ਫੜੀ। ਫਾਰਸੀ ਹੀ ਸਰਕਾਰੀ ਬੋਲੀ ਬਣਾ ਦਿੱਤੀ। ਸਿੱਖਾ ਦੇ ਮੁਕਾਬਲੇ ਮੁਸਲ਼ਮਾਨਾ ਸ਼ਾਸ਼ਕਾਂ ਨੇ ਆਪਣੇ ਰਾਜ ਵਿੱਚ ਉਰਦੂ ਦਾ ਪ੍ਰਚਾਰ ਕੀਤਾ ਅਤੇ ਲਾਗੂ ਵੀ ਕੀਤਾ। ਜਦਕਿ ਸਿੱਖ ਸ਼ਾਸਕਾਂ ਨੇ ਪੰਜਾਬੀ ਤੋਂ ਬੇਰੁਖੀ ਅਖਤਿਆਰ ਕੀਤੀ ਰੱਖੀ। ਪੰਜਾਬ ਵਿੱਚ ਧਰਮਾਂ ਦੇ ਕਸ਼ਮ-ਕਸ਼ ਵਿੱਚੋਂ ਸਿੰਘ ਸਭਾ ਦਾ ਜਨਮ ਹੋਇਆ। ਇੱਕ ਸਭਾ ਅੰਮ੍ਰਿਤਸਰ ਵਿੱਚ ਬਣਾਈ ਗਈ ਜਿਸਦਾ ਮੁਖੀ ਠਾਕਰ ਸਿੰਘ ਸੰਧਾਵਾਲੀਆ ਅਤੇ ਗਿਆਨ ਸਿੰਘ ਸੈਕਟਰੀ ਬਣਿਆ। ਪਰ ਇਹ ਸਭਾ ਐਨੀ ਕਾਮਯਾਬ ਨਹੀ ਹੋ ਸਕੀ। ਕਿਉਕਿ ਇਸ ਵਿੱਚ ਸਿੱਖ ਸਿਧਾਂਤ ਪ੍ਰਤੀਬੱਧ ਸੱਜਨ ਨਹੀ ਸਨ। ਇਸਦੇ ਮੁਕਬਾਲੇ ਲਾਹੌਰ ਸਿੰਘ ਸਭਾ ਕਾਇਮ ਕੀਤੀ। ਜਿਸ ਨੇ ਸਿੱਖਾ ਵਿੱਚ ਸਰਵਪੱਖੀ ਵਿਕਾਸ ਦੀ ਨੀਂਹ ਰੱਖੀ। ਜਿਸ ਵਿੱਚ ਪ੍ਰੋ. ਗੁਰਮੁੱਖ ਸਿੰਘ ਅਤੇ ਗਿਆਨੀ ਦਿੱਤ

ਸਿੰਘ ਮੋਢੀ ਸਨ। ਉਹਨਾਂ ਦਿਨਾਂ ਵਿੱਚ ਆਰੀਆ ਸਮਾਜ ਦਾ ਮੋਢੀ ਲਾਹੌਰ ਵਿੱਚ ਆਇਆ ਹੋਇਆ ਸੀ। ਉਸ ਨਾਲ ਕੋਈ ਵੀ ਬਹਿਸ ਕਰ ਸਕਦਾ ਸੀ ਕਿਸੇ ਵੀ ਵਿਸ਼ੇ ਤੇ। ਉਹ ਈਸਾਈ ਅਤੇ ਮੁਸਲ਼ਮਾਨ ਧਰਮ ਪ੍ਰਚਾਰਕਾਂ ਨੂੰ ਹਰਾ ਚੁੱਕਾ ਸੀ। ਹਿੰਦੂਆ ਵਿੱਚ ਬੜਾ ਮਕਬੂਲ ਵਿਦਵਾਨ ਮੰਨਿਆ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੇ ਉਸ ਨਾਲ ਚਰਚਾ ਕੀਤੀ ਤੇ ਉਸਨੂੰ ਸਿਧਾਂਤਕ ਬਹਿਸ ਵਿੱਚ ਤਿੰਨ ਬਾਰ ਹਰਾ ਦਿੱਤਾ। ਇਸ ਨਾਲ ਸਿੱਖਾ ਦੇ ਹੌਸਲ਼ੇ ਬੁਲੰਦ ਹੋ ਗਏ ਅਤੇ ਉਹ ਦਇਆ ਨੰਦ ਦੇ ਪ੍ਰਭਾਵ ਤੋਂ ਬਚ ਗਏ। ਸਿੱਟੇ ਵਜੋਂ ਸਿੱਖਾ ਨੇ ਅਜ਼ਾਦਾਨਾਂ ਤੌਰ ਤੇ ਸੋਚਣਾ ਸ਼ੁਰੂ ਕੀਤਾ। ਕਮੀਆਂ ਦਾ ਅਧਿਐਨ ਸ਼ੁਰੂ ਕੀਤਾ ਅਤੇ ਉਸ ਨੂੰ ਪੂਰਾ ਕਰਨ ਲਈ ਤੁਰ ਪਏ।

15ਵੀ ਸਦੀ ਵਿੱਚ ਇਕ ਬਾਲਕ ਨੇ ਰਾਏ ਭੋਇ ਦੀ ਤਲਵੰਡੀ ਵਿਖੇ ਜਨਮ ਲਿਆ। ਜਿਹੜਾ ਕਿ ਜਨਮ ਤੋਂ ਹੀ ਹੋਣਹਾਰ ਸੀ। ਉਹਨਾਂ ਨੂੰ ਪੜ੍ਹਣ ਲਈ ਪਾਠਸ਼ਾਲਾ ਭੇਜਿਆ ਗਿਆ। ਉਹਨਾਂ ਨੇ ਉੱਥੇ ਵਿੱਦਿਆ ਪੜ੍ਹੀ ਅਤੇ ਮੌਲ਼ਵੀ ਕੋਲ ਵੀ ਵਿੱਦਿਆ ਲਈ ਭੇਜਿਆ ਗਿਆ ਤੇ ਅਰਬੀ ਅਤੇ ਫਾਰਸੀ ਦਾ ਗਿਆਨ ਹਾਸਿਲ਼ ਕੀਤਾ। ਜਦੋਂ ਉਹ ਸੰਸਕਾਰ ਦੇ ਕਾਬਲ਼ ਹੋਏ ਉਹਨਾਂ ਦਾ ਹਿੰਦੂ ਰੀਤੀ ਅਨੁਸਾਰ ਸੰਸਕਾਰ ਕਰਨ ਦੀ ਕੋਸ਼ਿਸ਼ ਕੀਤੀ। ਜੋ ਕਿ ਬਾਲਕ ਨੇ ਇਨਕਾਰ ਕਰ ਦਿੱਤਾ। ਘਰਦਿਆ ਨੂੰ ਇਹ ਗੱਲਾਂ ਪਸੰਦ ਨਹੀ ਆਈਆਂ। ਉਹਨਾਂ ਨੂੰ ਰਝਾਉਣ ਦੀ ਵੀ ਕੋਸ਼ਿਸ਼ ਕੀਤੀ ਤਾਂ ਕਿ ਦੁਨੀਆਈ ਤੌਰ ਤੇ ਕਾਮਯਾਬ ਹੋ ਸਕੇ। ਇਕ ਵਾਰ ਉਹਨਾਂ ਨੂੰ ਕੁਝ ਰੁਪਏ ਦਿੱਤੇ ਗਏ ਤਾਂ ਕਿ ਉਹ ਵਪਾਰ ਕਰਨ। ਜਦੋਂ ਉਹ ਪਿੰਡ ਤੋਂ ਕੁਝ ਦੂਰੀ ਤੇ ਪਹੁੰਚੇ ਤਾਂ ਉੱਥੇ ਕੁਝ ਸਾਧੂ ਮਿਲੇ। ਉਹਨਾਂ ਨੂੰ ਜਗਿਆਸਾ ਹੋਈ ਕਿ ਗੋਸ਼ਟੀ ਕੀਤੀ ਜਾਵੇ। ਉਹਨਾਂ ਸੰਤਾਂ ਦਾ ਮੁਖੀ ਰੇਨ ਸੀ। ਬਾਲਕ ਨੇ ਗੋਸ਼ਟੀ ਸ਼ੁਰੂ ਕੀਤੀ ਅਤੇ ਸਵਾਲ ਜਬਾਬ ਸ਼ੁਰੂ ਹੋ ਗਏ। ਆਖਰਕਾਰ ਸੰਤ ਰੇਨ

ਬਾਲਕ ਦੇ ਸਵਾਲਾ ਦੇ ਜਵਾਬ ਦੇਣ ਤੋਂ ਅਸਮਰੱਥ ਰਹੇ। ਇਸ ਤਰਾਂ ਉਹ ਉਪਰਾਮ ਰਹਿਣ ਲੱਗੇ। ਘਰਦਿਆ ਨੇ ਉਹਨਾਂ ਨੂੰ ਉਹਨਾਂ ਦੀ ਭੈਣ ਕੋਲ ਸੁਲਤਾਨਪੁਰ ਭੇਜਿਆ ਗਿਆ। ਪਰ ਉੱਥੇ ਵੀ ਮੰਨ ਨਹੀ ਲੱਗਿਆ ਅਤੇ ਉੱਥੇ ਵੀ ਉਪਰਾਮ ਰਹੇ। ਉਹਨਾਂ ਨੇ ਸਮਾਜ ਨੂੰ ਘੋਖਿਆ ਕਿ ਸਮਾਜ ਦੀਆਂ ਕੀ ਸਮੱਸਿਆ ਹਨ ਅਤੇ ਕਿਵੇਂ ਹੱਲ ਕੀਤਾ ਜਾ ਸਕਦਾ ਹੈ? ਇਸ ਪ੍ਰਕਾਰ ਉਹਨਾਂ ਦਾ ਵਿਆਹ ਕਰ ਦਿੱਤਾ ਗਿਆ ਤਾਂ ਕਿ ਦੁਨੀਆਈ ਤੌਰ ਤੇ ਰੁੱਝਿਆ ਰਹੇ। ਉਹਨਾਂ ਦੇ ਬੱਚੇ ਵੀ ਹੋਏ ਪਰ ਫਿਰ ਵੀ ਉਹ ਉਪਰਾਮ ਰਹੇ, ਕਿ ਸਮਾਜ ਅਤੇ ਦੁਨੀਆਂ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ।

ਉਹਨਾਂ ਨੇ ਸੋਚ ਵਿਚਾਰ ਤੋਂ ਸਿੱਟਾ ਕੱਢਿਆ ਕਿ ਉਦਾਸੀਆਂ ਕੀਤੀਆਂ ਜਾਵੇ ਤਾਂ ਕਿ ਸਿਧਾਂਤਕਾਰ, ਸਮਾਜ ਮੁਖੀਆਂ, ਧਰਮ ਮੁਖੀਆਂ, ਰਾਜ ਮੁਖੀਆ ਨਾਲ ਗੋਸ਼ਟੀਆ ਕਰਕੇ ਸਮਾਜ ਅਤੇ ਦੁਨੀਆਂ ਦੀਆਂ ਸਮੱਸਿਆ ਦਾ ਹੱਲ ਕੀਤਾ ਜਾਵੇ। ਉਹਨਾਂ ਨੇ ਆਪਣੇ ਪ੍ਰਚਾਰ ਦਾ ਮਾਧਿਅਮ ਪੰਜਾਬੀ ਬੋਲੀ ਅਤੇ ਗੁਰਮੁਖੀ ਲਿੱਪੀ ਨੂੰ ਅਪਣਾਇਆ। ਪੰਜਾਬ ਦੀ ਲਿੱਪੀ ਜਿਸ ਨੂੰ ਟਾਕਰੀ ਕਹਿੰਦੇ ਸਨ ਉਹ ਪਹਿਲਾ ਸੰਸਕ੍ਰਿਤ ਮਾਧਿਅਮ ਲਈ ਲਿੱਖੀ ਜਾਂਦੀ ਸੀ। ਜਿਸਨੂੰ ਗੁਰੂ ਸਾਹਿਬ ਨੇ ਸ਼ੁੱਧ ਕਰਕੇ ਗੁਰਬਾਣੀ ਲਿਖਣ ਦੇ ਕਾਬਲ ਬਣਾਇਆ। ਜਿਹਨਾਂ ਸੰਤਾਂ ਨੇ ਨਿਰਗੁਣਵਾਦ ਦਾ ਪ੍ਰਚਾਰ ਕੀਤਾ, ਉਹ ਵੱਖੋ-ਵੱਖਰੇ ਇਲਾਕੇ ਨਾਲ ਸਬੰਧਤ ਹੋਣ ਕਰਕੇ ਵੱਖ-ਵੱਖ ਲਿੱਪੀਆਂ ਲਿਖਦੇ ਸਨ। ਉਹਨਾਂ ਸੰਤਾਂ ਦੀਆਂ ਬਾਣੀਆ ਜਿਹੜੀਆਂ ਬਾਬੇ ਨਾਨਕ ਦੀ ਵਿਚਾਰਧਾਰਾ ਨਾਲ ਸਮਾਨਤਾ ਰੱਖਦੀਆਂ ਸਨ, ਨੂੰ ਸਤਿਕਾਰ ਨਾਲ ਸੰਭਾਲਿਆ ਅਤੇ ਆਪਣੇ ਉੱਤਰਾਅਧਿਕਾਰੀਆਂ ਨੂੰ ਦਿੰਦੇ ਗਏ। ਉਹਨਾਂ ਤੋਂ ਪੰਜਵੇ ਉੱਤਰਾਅਧਿਕਾਰੀ ਗੁਰੂ ਅਰਜਨ ਦੇਵ ਜੀ ਨੇ ਵਿਰਸੇ ਵਿੱਚੋਂ ਮਿਲੀ ਪੋਥੀ ਤੇ ਆਪਣੇ ਤੋਂ ਪਹਿਲਾ ਚਾਰ ਮਹੱਲਿਆਂ ਦੀ ਬਾਣੀ ਸੰਕਲਣ

ਕਰਕੇ ਆਦਿ ਗ੍ਰੰਥ ਨੂੰ ਮੁਕੰਮਲ਼ ਕੀਤਾ। ਜਿਸ ਨੂੰ 10ਵੇ ਗੁਰੂ ਨੇ ਨੌਵੇਂ ਗੁਰੂ ਦੀ ਬਾਣੀ ਪਾਕੇ ਮੁਕੰਮਲ ਕੀਤਾ। ਇਸੀ ਗ੍ਰੰਥ ਨੂੰ ਗੁਰੂ ਦਾ ਦਰਜ਼ਾ ਪ੍ਰਧਾਨ ਕੀਤਾ ਗਿਆ। ਜਿਹੜੇ ਹੁਕਮਨਾਮੇ ਸਿੱਖ ਗੁਰੂਆਂ ਨੇ ਜਾਰੀ ਕੀਤੇ ਉਹ ਸਾਰੇ ਗੁਰਮੁਖੀ ਲਿੱਪੀ ਵਿੱਚ ਸਨ। ਗੁਰੁ ਗੋਬਿੰਦ ਸਿੰਘ ਮਗਰੋਂ ਰਾਜਨੀਤਿਕ ਲੀਡਰਾਂ ਅਤੇ ਧਾਰਮਿਕ ਆਗੂਆ ਨੇ ਇਸ ਲਿੱਪੀ ਵੱਲ ਬਹੁਤੀ ਦਿਲਚਸਪੀ ਨਹੀ ਦਿਖਾਈ। ਸਿੱਟੇ ਵਜੋਂ ਪਛੜ ਗਈ। ਗੁਰੂਆ ਦਾ ਮੁੱਖ ਟੀਚਾਂ ਗੁਰਮੁਖੀ ਲਿੱਪੀ ਨੂੰ ਸੰਪਰਕ ਲਿੱਪੀ ਬਣਾਉਣਾ ਸੀ ਤਾਂ ਕਿ ਇਹ ਫਾਰਸੀ ਦੀ ਥਾਂ ਮੱਲ ਸਕੇ। ਮੌਕੇ ਦੇ ਸਿੱਖ ਲੀਡਰਾਂ ਅਤੇ ਮੁਖੀਆ ਨੇ ਇਸ ਪਾਸੇ ਕੋਈ ਧਿਆਨ ਨਹੀ ਦਿੱਤਾ। ਬਾਬੇ ਨਾਨਕ ਨੇ ਨਿਰਗੁਣਵਾਦ ਨੂੰ ਸਮਾਜ ਵਿੱਚ ਲਾਗੂ ਕੀਤਾ। ਇਸਤਰੀ ਜਾਤੀ ਦੇ ਹੱਕ ਵਿੱਚ ਆਵਾਜ਼ ਉਠਾਈ ਅਤੇ ਸਮਾਜ ਨੂੰ ਬਰਾਬਰੀ ਦਾ ਦਰਜ਼ਾ ਦੇਣ ਲਈ ਕਿਹਾ ਕਿਉਕਿ ਸਮਾਜ ਦਾ ਅੱਧਾ ਹਿੱਸਾ ਇਸਤਰੀ ਜਾਤੀ ਹੀ ਹੈ। ਜਿਹੜੀ ਸਮਾਜ ਵਿੱਚ ਬ੍ਰਾਹਮਣਵਾਦ ਰਾਹੀ ਨਾ-ਬਰਾਬਰੀ ਕੀਤੀ ਗਈ, ਦੇ ਖਿਲਾਫ ਆਵਾਜ਼ ਉਠਾਈ ਗਈ। ਲੋਕਾਂ ਨੂੰ ਉਹਨਾਂ ਦੀ ਭਾਸ਼ਾ ਦੇ ਸ਼ੋਸ਼ਣ ਬਾਰੇ ਆਵਾਜ਼ ਉਠਾਈ। ਉਹਨਾਂ ਨੇ ਲੋਕਾਂ ਨੂੰ ਵੰਗਾਰਿਆ ਕਿ ਆਪਣੀ ਭਾਸ਼ਾ ਦੀ ਕੀਮਤ ਤੇ ਦੂਜੀਆਂ ਭਾਸ਼ਾਵਾ ਨੂੰ ਮਾਨਤਾ ਨਾ ਦੇਣ। ਜਿਹੜੇ ਲੋਕ ਆਪਣੀ ਜਿੰਦਗੀ ਵਿੱਚ ਬੇਇਜ਼ਤੀ ਸਹਾਰ ਰਹੇ ਸਨ, ਉਹਨਾਂ ਨੂੰ ਵੰਗਾਰਿਆ ਤਾਂ ਜੋ ਆਪਣੇ ਆਪ ਨੂੰ ਉੱਚਾ ਉੱਠਾਉਣ ਅਤੇ ਆਪਣੇ ਪੈਰਾ ਤੇ ਖੜੇ ਹੋਣ। ਉਹਨਾਂ ਨੇ ਸਮਾਜ ਨੂੰ ਗੋਸ਼ਟੀਆ ਕਰਨ ਦਾ ਸੁਝਾਅ ਦਿੱਤਾ ਕਿ ਆਪਣੇ ਵਿਚਾਰਾ ਦੀ ਸਾਂਝ ਕਰਨੀ ਚਾਹੀਦੀ ਹੈ। ਔਗੁਣਾ ਤੋਂ ਬਚਣਾ ਚਾਹੀਦਾ ਹੈ। ਆਪਣੀ ਕਿਰਤ ਵਿਚੋਂ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ। ਜਿਵੇਂ ਵੇਦਾਂਤ ਦਰਸ਼ਨ ਵਿੱਚ ਕਿਹਾ ਗਿਆ ਹੈ ਕਿ ਬ੍ਰਹਮ ਹੀ ਸੱਚ ਹੈ, ਬਾਕੀ ਸਭ ਝੂਠ ਹੈ। ਬਾਬੇ ਨਾਨਕ ਨੇ ਇਸ ਦੀ

ਪ੍ਰੋੜਤਾ ਕੀਤੀ ਕਿ ਬ੍ਰਹਮ ਸੱਚਾ ਹੈ, ਉੱਥੇ ਉਸਦੀ ਰਚਨਾ ਵੀ ਸੱਚੀ ਹੈ। ਜਿਹੜੇ ਲੋਕ ਈਸ਼ਵਰ ਨੂੰ ਤਾਂ ਮੰਨਦੇ ਸਨ ਪਰ ਉਹ ਸਮਾਜ ਪ੍ਰਤੀ ਸੁਚੇਤ ਨਹੀ ਸਨ। ਉਹਨਾਂ ਨੂੰ ਸਮਾਜ ਦੀਆਂ ਸਮੱਸਿਆ ਦਾ ਹੱਲ ਸੇਵਾ ਦੁਆਰਾ ਦੱਸਿਆ। ਦੁਨੀਆ ਨੂੰ ਭਾਈਚਾਰਾ ਬਣਾਕੇ ਰਹਿਣ ਦਾ ਉਪਦੇਸ਼ ਦਿੱਤਾ ਕਿਉਕਿ ਅਸੀ ਸਾਰੇ ਉਸ ਈਸ਼ਵਰ ਦੀ ਔਲਾਦ ਹਾਂ ਅਤੇ ਸਾਰੇ ਭੈਣ ਭਾਈ ਹਾਂ।

ਉਹਨਾਂ ਨੇ ਪੰਜਾਬ ਦੀ ਬੋਲੀ ਨੂੰ ਬਾਣੀ ਦਾ ਮਾਧਿਅਮ ਬਣਾਇਆ ਅਤੇ ਇਥੋ ਦੀ ਲਿੱਪੀ ਅਪਣਾਈ, ਬ੍ਰਾਹਮਣਵਾਦੀ ਭਾਸ਼ਾ ਨੂੰ ਅਤੇ ਲਿੱਪੀ ਨੂੰ ਰੱਦ ਕੀਤਾ। ਜੋ ਕਿ ਦੇਵਤਿਆ ਦੀ ਮੰਨੀ ਜਾਂਦੀ ਹੈ। ਉਹਨਾਂ ਨੇ ਪੰਜਾਬੀ ਬੋਲੀ ਨੂੰ ਅਪਣਾਇਆ ਜੋ ਕਿ ਸੰਸਕ੍ਰਿਤ ਵਿੱਚੋਂ ਨਹੀ ਨਿਕਲੀ। ਬਾਬੇ ਦੀ ਇਸ ਵਿਚਾਰ ਦੀ ਝਲਕ ਰਿਗਵੇਦ ਵਿੱਚੋਂ ਮਿਲਦੀ ਹੈ। ਅਨੇਕਾਂ ਪੰਜਾਬੀ ਸ਼ਬਦ ਰਿਗਵੇਦ ਵਿੱਚ ਮਿਲਦੇ ਹਨ ਜੋ ਕਿ ਸੰਸਕ੍ਰਿਤ ਵਿੱਚ ਨਹੀ ਹਨ। ਇਸ ਦਾ ਸਬੂਤ **ਪਨਿਨੀ** ਦਾ "**ਅਸ਼ਟ ਅਧਿਆਇ** " ਗ੍ਰੰਥ ਵਿੱਚੋ ਮਿਲਦਾ ਹੈ। ਪਨਿਨੀ ਦੇ ਅਸ਼ਟ ਅਧਿਆਇ ਵਿੱਚ ਇਕ ਅਧਿਆਇ ਜਿਸ ਦਾ ਨਾਂ ਉਣ-ਆਦਿ ਹੈ, ਜਿਸ ਵਿੱਚ ਕਈ ਸ਼ਬਦ ਪੰਜਾਬੀ ਨਿਯਮਾਂ (ਰੂਲਾਂ) ਅਨੁਸਾਰ ਬਣੇ ਹੋਏ ਮਿਲਦੇ ਹਨ। ਜਿਵੇਂ ਆਯੂ, ਵਾਯੂ, ਦੱਸਯੂ, ਵਾਸੂ, ਜੋ ਸੰਸਕ੍ਰਿਤ ਰੂਲ਼ਾਂ ਅਨੁਸਾਰ ਨਹੀ ਬਣੇ ਹਨ। ਇੱਥੋਂ ਸਿੱਟਾਂ ਨਿਕਲਦਾ ਹੈ ਕਿ ਪੰਜਾਬੀ ਸੰਸਕ੍ਰਿਤ ਦੇ ਗਰੈਮਰ ਦੇ ਬਣਨ ਤੋਂ ਪਹਿਲਾ ਪੰਜਾਬੀ ਬੋਲਦੇ ਸਨ ਅਤੇ ਰਿਗਵੇਦ ਤੋਂ ਪਹਿਲਾ ਵੀ ਬੋਲੀ ਜਾਂਦੀ ਸੀ। ਉਸ ਦਾ ਬ੍ਰਾਹਮਣਵਾਦ ਦੁਆਰਾ ਅਤੇ ਬਾਹਰਲੇ ਸ਼ਾਸ਼ਕਾ ਦੁਆਰਾ ਸ਼ੋਸ਼ਣ ਕੀਤਾ ਗਿਆ।

ਗੁਰੂ ਸਾਹਿਬ ਨੇ ਜਿਹੜਾ ਉਪਦੇਸ਼ ਆਪਣੇ ਫਲਸਫੇ ਵਿੱਚ ਦਿੱਤਾ ਸੀ, ਉਸ ਵਿੱਚ ੧ਓ ਨੂੰ ਹੀ ਅਨਾਦਿ, ਇੱਕੋ-ਇੱਕ ਤੱਤ ਮੰਨਿਆ ਹੈ। ਉਸ ਨੂੰ ਹੀ ਕਰਤਾ ਮੰਨਿਆ ਹੈ ਜੋ ਕਿ ਬ੍ਰਹਮੰਡ ਦਾ ਰਚਨਹਾਰ ਹੈ।

ਪੰਜਾਬ ਜਦੋਂ ਅਸ਼ੋਕ ਦੇ ਰਾਜ ਵਿੱਚ ਆਇਆ ਪੰਜਾਬੀ ਗੁਲਾਮ ਹੋ ਗਏ। ਇਹਨਾਂ ਤੇ ਪਾਲੀ ਬੋਲੀ ਅਤੇ ਲਿੱਪੀ ਲੱਦ ਦਿੱਤੀ। ਇਹ ਧੱਕੜ ਦਾ ਧੱਕਾ ਸੀ। ਜਿੱਥੇ-ਜਿੱਥੇ ਰਿਗਵੇਦ ਨੂੰ ਮੰਨਣ ਵਾਲੇ ਲੋਕ ਗਏ ਉਹ ਆਪਣੇ ਨਾਲ ਸ਼ਬਦਾਵਲੀ ਆਪਣੇ ਨਾਲ ਲੈ ਗਏ। ਜੋ ਕਿ ਪ੍ਰਾਕ੍ਰਿਤਾਂ ਵਿੱਚ ਮਿਲ ਗਈ ਹੈ।

ਜੈਨੀਆਂ ਦੀ ਪ੍ਰਾਕ੍ਰਿਤ (ਧਰਮ ਗ੍ਰੰਥਾਂ ਦੀ ਬੋਲੀ) ਅਰਧ-ਮਾਗਧੀ ਹੈ ਜਦੋਂ ਅਸੀ ਪੰਜਾਬੀ ਨਾਲ ਤੁਲਨਾਂ ਕਰਦੇ ਹਾਂ ਤਾਂ ਕੁਝ ਵੀ ਸਾਂਝਾ ਨਹੀ ਹੈ। ਇਸੇ ਤਰਾਂ ਦੱਖਣ ਦੀਆਂ ਬੋਲੀਆਂ ਦਾ ਵੀ ਪੰਜਾਬੀ ਨਾਲ ਕੋਈ ਸਬੰਧ ਨਹੀ ਹੈ। ਦ੍ਰਾਵਿੜ ਬੋਲੀਆ ਦੇ ਗਰੈਮਰ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਨਾਲ ਕੁਝ ਵੀ ਸਾਂਝਾ ਨਹੀ ਹੈ। ਭਾਵ ਨਾ ਹੀ ਸ਼ਬਦਾਵਲੀ ਅਤੇ ਨਾ ਹੀ ਗਰੈਮਰ ਸਾਂਝ ਹੈ। ਇਸ ਤੋਂ ਇਲਾਵਾ ਇਕ ਹੋਰ ਬੋਲੀ ਪਸ਼ਾਚ ਹੈ ਜੋ ਕਿ ਪਸ਼ਾਚਾ ਦੀ ਮੰਨੀ ਜਾਂਦੀ ਹੈ। ਜੋ ਕਿ ਕਸ਼ਮੀਰ ਦੇ ਉਪਰਲੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਉਸ ਦੀ ਵੀ ਪੰਜਾਬੀ ਨਾਲ ਕੋਈ ਸਾਂਝ ਨਹੀ ਹੈ। ਬਾਬੇ ਦੇ ਅਨੁਸਾਰੀ ਦਾ ਇਹ ਰੁਝਾਨ ਹੈ ਕਿ ਅੰਗਰੇਜ਼ੀ ਨੂੰ ਤਰਜ਼ੀਹ ਦਿੱਤੀ ਜਾਵੇ। ਕਿਉਕਿ ਅੰਗਰੇਜੀ ਦਾ ਅੱਜਕਲ ਬਹੁਤ propaganda ਹੋ ਚੁੱਕਾ ਹੈ। ਇਹ ਇੰਟਰਨੈਸ਼ਨਲ ਭਾਸ਼ਾ ਹੈ। ਅੰਗਰੇਜ਼ੀ ਦੀ ਸਥਿਤੀ ਦਾ U.K ਦੀ ਪਾਰਲੀਮੈਂਟ ਤੋਂ ਪਤਾ ਲੱਗਦਾ ਹੈ ਕਿ ਉੱਥੇ ਸਰਕਾਰੀ ਭਾਸ਼ਾ ਪਹਿਲਾ ਫਰੈਂਚ ਸੀ। ਉੱਥੇ ਦੀ ਪਾਰਲੀਮੈਂਟ ਨੇ ਮਤਾ ਰੱਖਿਆ ਕਿ ਅੰਗਰੇਜ਼ੀ ਸੰਪਰਕ ਭਾਸ਼ਾ ਬਣਨੀ ਚਾਹੀਦੀ ਹੈ। ਉਦੋ ਤੋਂ ਲੈ ਕੇ ਲਗਭਗ 200 ਸਾਲ ਅੰਗਰੇਜ਼ੀ ਦੇ ਹਮਾਇਤੀਆਂ ਨੇ ਮਿਹਨਤ ਕੀਤੀ ਕਿ ਹਰ ਵਿਭਾਗ ਵਿੱਚ ਵਰਤਣ ਦੇ ਕਾਬਲ ਬਣਾਇਆ। ਅੱਜ ਜਿਹੜੀ ਅੰਗਰੇਜੀ ਦੀ ਸਥਿਤੀ ਹੈ ਉਹ ਸਿਰਫ ਅੰਗਰੇਜ਼ੀ ਦੇ ਹਮਾਇਤੀਆਂ ਦੀ ਹੀ ਮਿਹਨਤ ਹੈ। ਜਰਮਨ ਅਤੇ ਅੰਗਰੇਜ਼ੀ ਨੇ ਇੱਕੋ ਸਮੇ ਤੇ develop ਹੋਣਾ ਸ਼ੁਰੂ ਕੀਤਾ ਅਤੇ

ਅੰਗਰੇਜ਼ੀ ਅੱਗੇ ਨਿਕਲ ਗਈ। ਇਸ ਤਰਾਂ ਫਰੈਂਚ ਵੀ ਸੁੰਗੜ ਕੇ ਥੋੜੇ ਜਿਹੇ ਇਲਾਕੇ ਵਿੱਚ ਰਹਿ ਗਈ।

ਜੇਕਰ ਅਸੀ ਪੰਜਾਬੀ ਨੂੰ ਅੱਗੇ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਇਸਨੂੰ ਮਿਸ਼ਨਰੀ ਕੰਮ ਸਮਝ ਕੇ ਕਰਨਾ ਪਵੇਗਾ। ਦੂਜੀਆਂ ਬੋਲੀਆ ਸਾਨੂੰ ਜਰੂਰ ਸਿੱਖਣੀਆਂ ਚਾਹੀਦੀਆਂ। ਪਰ ਪੰਜਾਬੀ ਵੀ ਜਰੂਰੀ ਸਿੱਖਣੀ ਪੈਣੀ ਹੈ ਅਤੇ ਦਿਲਾਂ ਵਿੱਚੋਂ ਨਫਰਤ ਕੱਢਣੀ ਪਵੇਗੀ। ਜੋ ਪੈਸੇ ਅਸੀ ਦੂਜੀਆਂ ਭਾਸ਼ਾਵਾਂ ਤੇ ਖਰਚ ਰਹੇ ਹਾਂ ਤਾਂ ਸਾਨੂੰ ਇਸ ਭਾਸ਼ਾ ਤੇ ਵੀ ਖਰਚ ਕਰਨੇ ਪੈਣਗੇ ਇਹਦੇ ਨਾਲ ਸਾਡੀ ਉੱਚਤਾਈ ਵੱਧੇਗੀ ਅਤੇ ਹੀਣਤਾ ਘਟੇਗੀ ।

# ਗੁਰਮੁਖੀ ਦਾ ਪਿਛੋਕੜ

**ਗੁਰਮੁਖੀ ਦਾ ਪਿਛੋਕੜ** : ਟੈਕਸਲਾ ਸ਼ਹਿਰ ਪੰਜਾਬ ਦਾ ਹਜ਼ਾਰਾ ਵਰ੍ਹੇ ਪੁਰਾਣਾ ਸ਼ਹਿਰ ਹੈ। ਇਸ ਬਾਰੇ ਸਾਨੂੰ Archaeology ਦੀਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ। John Marshal ਨੇ ਇਕ Archaeologist ਦੇ ਤੌਰ ਤੇ ਕਾਫੀ ਕੰਮ ਕੀਤਾ। ਜਿਸ ਤੋਂ ਸਾਨੂੰ ਪੁਰਾਣੇ ਇਤਿਹਾਸ ਬਾਰੇ ਪਤਾ ਲੱਗਦਾ ਹੈ। ਇਸ ਦੇ ਨਾਮਕਰਨ ਤੋਂ ਪਤਾ ਚਲਦਾ ਹੈ ਕਿ ਇਹ ਟੱਕ ਲੋਕਾਂ ਦਾ ਵਸਾਇਆ ਹੋਇਆ ਸ਼ਹਿਰ ਹੈ। ਸੰਸਕ੍ਰਿਤ ਵਾਲੇ ਇਸ ਨੂੰ ਤੱਖਸ਼ਿਲਾ ਕਹਿੰਦੇ ਹਨ। ਅਸ਼ੋਕ ਦੇ ਫਰਮਾਨ ਜਿਹੜੇ ਸ਼ਾਹਬਾਜ਼ਗੜੀ ਅਤੇ ਪੱਛਮੀ ਪੰਜਾਬ ਤੋਂ ਮਿਲੇ ਹਨ, ਉਸ ਵਿੱਚ ਤਖਸਿਲਾ ਲਿਖਿਆ ਹੈ। ਇਸ ਨੂੰ ਅੰਗਰੇਜ਼ੀ ਵਿੱਚ ਟੈਕਸਲਾ ਕਹਿੰਦੇ ਹਨ। ਪ੍ਰਾਕ੍ਰਿਤ-ਇੰਗਲਿਸ਼ ਡਿਕਸ਼ਨਰੀ ਵਿੱਚ ਇੱਕ ਟੱਕ ਸ਼ਬਦ ਵਰਤਿਆਂ ਗਿਆ ਹੈ ਅਤੇ ਇਹ ਵੀ ਲਿਖਿਆ ਗਿਆ ਹੈ ਕਿ ਟੱਕ ਇੱਕ ਵਿਸ਼ੇਸ਼ ਦੇਸ਼ ਹੈ। ਟਾਕਰੀ ਲਿੱਪੀ ਦੇ ਨਮੂਨੇ ਜਿਹੜੇ ਉਪਲੱਬਧ ਹਨ ਉਹਨਾਂ ਤੋਂ ਪਤਾ ਚਲਦਾ ਹੈ ਕਿ ਇਹ ਲਿੱਪੀ ਰਾਜ ਦੀ ਸਰਕਾਰੀ ਲਿੱਪੀ ਰਹੀ ਹੈ। ਜਿਵੇਂ ਪੰਜਾਬ ਤੋਂ ਪੰਜਾਬੀ ਸ਼ਬਦ ਬਣਿਆ ਹੈ, ਇਵੇਂ ਹੀ ਟੱਕ ਤੋਂ ਟਾਕਰੀ ਸ਼ਬਦ ਬਣਿਆ ਹੈ। ਟਾਕਰੀ ਲਿੱਪੀ ਦੀ ਵਰਤੋਂ ਸਰਕਾਰੀ ਕੰਮਾਂ ਲਈ ਕੀਤੀ ਜਾਂਦੀ ਸੀ। ਜਿਹਨਾਂ ਰਾਜਿਆਂ ਨੇ ਟਾਕਰੀ ਲਿੱਪੀ ਦੀ ਵਰਤੋਂ ਕੀਤੀ ਉਹਨਾਂ ਦਾ ਮਾਧਿਅਮ ਸੰਸਕ੍ਰਿਤ ਸੀ।

ਸਭ ਤੋਂ ਪੁਰਾਣਾ ਸਿਲਾਲੇਖ **ਪਿੰਡ ਮਾਣਕੇਆਲ ਨੇੜੇ ਟੈਕਸਲਾ ਜੋ ਕਿ ਬੋਧੀ ਸਤੂਪ** 'ਚ ਮਿਲੇ ਹਨ। ਜਿਸ ਦੀ ਖੋਜ ਮਹਾਂਰਾਜਾ ਰਣਜੀਤ

ਸਿੰਘ ਦੇ ਫਰਾਂਸੀਸੀ ਜਰਨੈਲ ਬੈਂਤੂਰਾ ਨੇ ਕੀਤੀ। ਜਿਸ ਵਿੱਚ ਡਿਕਟੇਸ਼ਨ (Dictation) ਮਿਲਦੀ ਹੈ ਜਿਵੇਂ :

**" ਸ਼੍ਰੀ ਸ਼ਾਹੀ ਹਿੱਤਵਰ ਏਰਣ ਚ ਪਰਮੇਸ਼ਵਰ ਸ਼੍ਰੀ ਸਾਹੀ ਤਿਗਨ ਦੇਵ ਜਾਰਿਤਾ "**

ਇਸ ਪ੍ਰਕਾਰ ਇਸ ਡਿਕਟੇਸ਼ਨ ਦੇ ਅੱਖਰ ਅੱਜ ਵੀ ਗੁਰਮੁਖੀ ਨਾਲ ਬਹੁਤ ਸਮਾਨਤਾ ਰੱਖਦੇ ਹਨ। ਇਸੇ ਤਰਾਂ ਇੱਕ ਡਿਕਟੇਸ਼ਨ ਕਾਬਲ਼ ਤੋਂ ਮਿਲੀ ਜੋ 500 A.D ਦੀ ਹੈ। ਇਸ ਪ੍ਰਕਾਰ ਇਹ ਦੋਵੇਂ ਲਿਖਤਾਂ ਜੋ ਕਿ ਮਾਣਕੇਆਲ ਅਤੇ ਕਾਬਲ਼ ਤੋਂ ਮਿਲੀਆ ਹਨ, ਕਾਫੀ ਸਮਾਨ ਹਨ। ਇਸ ਪ੍ਰਕਾਰ ਇਹ ਲਿਖਤਾਂ ਗੁਰਮੁਖੀ ਨਾਲ ਕਾਫੀ ਸਮਾਨਤਾ ਰੱਖਦੀਆਂ ਹਨ।

Sir Alexander Cunnigham ਨੇ ਆਪਣੀ ਕਿਤਾਬ "Geographia of India" ਵਿੱਚ ਟੱਕ ਦੇਸ਼ ਦਾ ਜ਼ਿਕਰ ਕੀਤਾ ਹੈ ਅਤੇ ਦੱਸਿਆ ਹੈ ਕਿ ਪੰਜਾਬ ਦਾ ਪੁਰਾਣਾ ਨਾਮ ਟੱਕ ਦੇਸ਼ ਸੀ। ਜਿਸ ਨਾਮ ਤੋਂ ਟਾਕਰੀ ਲਿੱਪੀ ਦਾ ਨਾਮਕਰਨ ਹੋਇਆ ਹੈ। ਉਹਨਾਂ ਨੇ ਇਹ ਵੀ ਦੱਸਿਆ ਹੈ ਕਿ ਮੈਨੂੰ ਜ਼ਮਨਾ ਤੋਂ ਲੈ ਕੇ ਬਾਮਿਆਨ (ਬਾਮਯਾਨ) ਤੱਕ 26 ਥਾਵਾਂ ਤੋਂ ਟਾਕਰੀ ਦੇ ਨਮੂਨੇ ਮਿਲੇ ਹਨ। ਇਸ ਤੋਂ ਪਤਾ ਚਲਦਾ ਹੈ ਕਿ ਇਹ ਲਿੱਪੀ ਕਿੰਨੇ ਵੱਡੇ ਖੇਤਰ ਵਿੱਚ ਪ੍ਰਚਲਿਤ ਸੀ। ਇੱਥੋ ਇਹ ਵੀ ਪਤਾ ਚਲਦਾ ਹੈ ਕਿ ਪੰਜਾਬ ਕਿੰਨਾ ਵੱਡਾ ਸ਼ਕਤੀਸ਼ਾਲੀ ਰਾਜ ਸੀ। ਇਹ ਰਾਜ ਕਾਫੀ ਵੱਡੇ ਖੇਤਰ ਤੱਕ ਰਿਹਾ ਹੈ। ਵਿਦੇਸ਼ੀ ਧੜਵੱਈਆਂ ਨੇ ਪੰਜਾਬ ਤੇ ਬਾਰ-ਬਾਰ ਹਮਲੇ ਕੀਤੇ ਅਤੇ ਪੰਜਾਬ (ਟੱਕ) ਦੇ ਲੋਕਾਂ ਨੇ ਬਾਰ-ਬਾਰ ਇਹਨਾਂ ਦਾ ਸਾਹਮਣਾ ਕੀਤਾ। ਇਸ ਪ੍ਰਕਾਰ ਟੱਕ ਦੇਸ਼ (ਪੰਜਾਬ) ਦੇ ਲੋਕਾਂ ਨੇ ਆਪਣਾ ਬੋਲ ਬਾਲਾ ਕਾਇਮ ਰੱਖਿਆ।

ਤਿੱਬਤੀ ਲੋਕਾਂ ਦੀ ਬੋਲੀ Entrance Book ਵਿੱਚ ਲਿਖਿਆ ਹੈ ਕਿ ਉਹਨਾਂ ਨੇ ਆਪਣੀ ਲਿੱਪੀ ਗੰਧਾਰ ਦੇਸ਼ ਵਿੱਚ ਉਸ ਵੇਲੇ ਦੇ ਪ੍ਰਚਲਿਤ ਲਿੱਪੀ ਦੇ ਨਮੂਨਿਆ ਨੂੰ ਸਾਹਮਣੇ ਰੱਖ ਕੇ ਘੜੀ ਹੈ। ਇਸ ਤੋਂ ਪਹਿਲਾ ਉਹਨਾਂ ਕੋਲ ਤਿੱਬਤੀ ਲਿਖਣ ਵਾਸਤੇ ਕੋਈ ਵੀ ਲਿੱਪੀ ਨਹੀ ਸੀ। ਪਰ ਉਹਨਾਂ ਨੇ ਗੰਧਾਰ ਦੀ ਪ੍ਰਚੱਲਿਤ ਲਿੱਪੀ ਦੀ ਹੂ-ਬਹੂ-ਬ (ਜਿਉਂ ਦੀ ਤਿਉਂ) ਨਕਲ਼ ਨਹੀ ਕੀਤੀ। ਆਪਣੀ ਭਾਸ਼ਾ ਅਨੁਸਾਰ ਅੱਖਰ ਬਣਾਏ ਸਨ। ਪੰਜਾਬ ਦਾ ਕਾਫੀ ਇਲਾਕਾ ਗੰਧਾਰ ਦੇਸ਼ ਦਾ ਹਿੱਸਾ ਸੀ।

John Marshal ਦੀ ਕਿਤਾਬ "Aryan Comparitive Grammer" ਵਿੱਚ ਉਸ ਨੇ ਲਿਖਿਆ ਹੈ ਕਿ ਗੁਰਮੁਖੀ ਅੱਖਰਾਂ ਦੀਆਂ ਕਈ ਸ਼ਕਲਾਂ ਅਸ਼ੋਕ ਦੀ ਪਾਲੀ ਲਿੱਪੀ ਨਾਲ ਸਿੱਧੀਆਂ ਹੀ ਮਿਲਦੀਆ ਹਨ ਅਤੇ ਕਿੰਨੀਆਂ ਹੀ ਸ਼ਕਲਾ ਅਲਾਹਾਵਾਦ ਦੀ ਦੂਜੀ ਸਦੀ B.C ਦੇ ਸ਼ਿਲਾਲੇਖ (inscription) ਨਾਲ ਮਿਲਦੀਆਂ ਹਨ। ਗੁਪਤ ਰਾਜਿਆ ਦੇ ਸ਼ਿਲਾਲੇਖਾਂ ਨਾਲ ਅਲਾਹਾਵਾਦ ਦੇ ਸ਼ਿਲਾਲੇਖਾਂ ਤੋਂ ਵੀ ਵੱਧ ਅੱਖਰ ਗੁਰਮੁਖੀ ਨਾਲ ਮੇਲ਼ ਖਾਂਦੇ ਹਨ।

ਇਕ ਪੰਜਵੀ ਸਦੀ ਦੇ ਜਪਾਨ ਦੇ **ਹੋਜ਼ੀ ਮੱਠ** ਤੋਂ ਇਕ ਲਿੱਪੀ ਮਿਲੀ ਹੈ ਜੋ ਕਿ ਗੁੱਪਤਾ ਸ਼ਿਲਾਲੇਖਾਂ ਨਾਲੋਂ ਗੁਰਮੁਖੀ ਨਾਲ ਵਧੇਰੀ ਮਿਲਦੀ ਹੈ। ਇਸ ਇਸ ਦੇ ਬਹੁਤੇ ਅੱਖਰ ਗੁਰਮੁਖੀ ਨਾਲ ਮੇਲ਼ ਖਾਂਦੇ ਹਨ।

ਸਿਕੰਦਰ ਦਾ ਹਮਲਾਂ ਇੰਡੀਆ 'ਤੇ 327 B.C. ਵਿੱਚ ਹੋਇਆ। ਉਸ ਨੇ ਪੰਜਾਬ ਦਾ ਕਾਫੀ ਇਲਾਕਾ ਜਿੱਤ ਲਿਆ ਸੀ। ਇਤਿਹਾਸ ਵਿੱਚ ਇਹ ਵੀ ਸਿੱਧ ਹੈ ਕਿ ਪੰਜਾਬ ਦੇ ਇੱਕ ਰਾਜੇ ਪੋਰਸ ਨੇ ਸਕੰਦਰ ਦਾ ਡਟ ਕੇ ਸਾਹਮਣਾ ਕੀਤਾ ਪਰ ਹਾਰ ਗਿਆ। ਜਦੋਂ ਉਸ ਨੂੰ ਸਿਕੰਦਰ ਸਾਹਮਣੇ ਪੇਸ਼ ਕੀਤਾ ਅਤੇ ਸਿਕੰਦਰ ਨੇ ਪੁੱਛਿਆ ਕਿ ਤੇਰੇ

ਨਾਲ ਕੀ ਸਲੂਕ ਕੀਤਾ ਜਾਵੇ ਤਾਂ ਪੋਰਸ ਨੇ ਮੋੜਵਾਂ ਜਵਾਬ ਦਿੱਤਾ ਕਿ ਜਿਵੇਂ ਕਿ ਇੱਕ ਜਿੱਤਿਆ ਹੋਇਆ ਰਾਜਾ ਹਾਰੇ ਹੋਏ ਰਾਜੇ ਨਾਲ ਕਰਦਾ ਹੈ। ਇਹਨਾਂ ਬੋਲਾਂ ਨੇ ਸਿਕੰਦਰ ਨੂੰ ਕਾਫੀ ਪ੍ਰਵਾਭਿਤ ਕੀਤਾ ਅਤੇ ਉਸ ਦਾ ਇਲਾਕਾ ਵਾਪਸ ਕਰ ਦਿੱਤਾ। ਇਸ ਪ੍ਰਕਾਰ ਉਹਨਾਂ ਦੀ ਦੋਸਤੀ ਹੋ ਗਈ। ਸਿਕੰਦਰ ਨੇ ਵਾਪਸ ਜਾਂਦਿਆ ਹੋਇਆ ਆਪਣੇ ਪ੍ਰਤੀਨਿਧੀ ਨੂੰ ਰਾਜ-ਭਾਗ ਸੰਭਾਲ ਦਿੱਤਾ। ਉਹਨਾਂ ਦੇ ਪ੍ਰਤੀਨਿਧੀਆ ਨੇ ਜਿਹੜੇ ਅੱਖਰ ਵਰਤੇ ਉਸਨੂੰ ਗ੍ਰੀਕ ਅੱਖਰ ਕਿਹਾ ਜਾਂਦਾ ਹੈ। **ਇਸ ਪ੍ਰਕਾਰ ਗੁਰਮੁਖੀ ਦਾ "ਬ" ਅੱਖਰ ਗ੍ਰੀਕ ਦੇ ਬੀਟਾ ਅੱਖਰ ਨਾਲ ਮਿਲਦਾ ਹੈ। ਇਸ ਪ੍ਰਕਾਰ "ਥ" ਅੱਖਰ ਵੀ ਗ੍ਰੀਕ ਦੇ ਥੀਟੇ ਨਾਲ ਮਿਲਦਾ ਹੈ।**

**ਗੁਰਮੁਖੀ ਦੀ ਸਾਰਥਿਕਤਾ** : ਗੁਰਮੁਖੀ ਦੀਆਂ ਆਪਣੀਆਂ 35 ਧੁਨੀਆਂ ਹਨ। ਬਾਬੇ ਨਾਨਕ ਨੇ ਜਿਹੜੀ ਪੋਥੀ ਲਿਖੀ, ਜਿਸ ਦਾ ਹਵਾਲਾ ਭਾਈ ਗੁਰਦਾਸ ਨੇ ਆਪਣੀਆ ਵਾਰਾਂ ਵਿੱਚ ਦਿੱਤਾ ਹੈ, ਉਹ ਵੀ ਗੁਰਮੁਖੀ ਵਿੱਚ ਲਿਖੀ ਗਈ ਸੀ। ਗੁਰੂ ਸਾਹਿਬ ਦੇ ਅੱਗੇ ਉਹਨਾਂ ਦੇ ਉੱਤਰਾਅਧਿਕਾਰੀ ਗੁਰੂ ਅੰਗਦ ਦੇਵ ਜੀ ਨੇ ਪੋਥੀਆਂ ਲਿਖਣ ਅਤੇ ਸਿੱਖੀ ਪ੍ਰਚਾਰ ਲਈ ਗੁਰਮੁਖੀ ਦੀ ਹੀ ਵਰਤੋਂ ਕੀਤੀ ਅਤੇ ਆਪਣੇ ਸਿੱਖਾਂ ਨੂੰ ਵੀ ਸਿਖਾਈ। ਜਿੱਥੇ ਤੱਕ ਸੰਗਤਾਂ ਦਾ ਸਬੰਧ ਸੀ, ਉਹਨਾਂ ਨੇ ਵੀ ਗੁਰਬਾਣੀ ਸਿੱਖਣ ਲਈ ਗੁਰਮੁਖੀ ਨੂੰ ਸਿੱਖਿਆ ਇਸ ਤਰਾਂ ਗੁਰਬਾਣੀ ਦੂਰ-ਦੂਰ ਸੰਗਤਾਂ ਤੱਕ ਪਹੁੰਚ ਗਈ। ਉਹਨਾਂ ਨੇ ਅੱਗੇ ਧਾਰਮਿਕ ਅਤੇ ਦੁਨਿਆਵੀ ਉਦੇਸ਼ਾ ਲਈ ਵੀ ਗੁਰਮੁਖੀ ਨੂੰ ਵਰਤਣਾਂ ਸ਼ੁਰੂ ਕੀਤਾ। ਬਾਬੇ ਨਾਨਕ ਦੇ ਸ਼ਹਿਜ਼ਾਦੇ ਬਾਬਾ ਸ਼੍ਰੀ ਚੰਦ ਜੀ ਨੇ ਜਿਹੜੀ ਰਚਨਾਂ ਕੀਤੀ ਉਸਨੂੰ ਉਦਾਸੀ ਸਾਧੂਆ ਨੇ " **ਮਾਤਰਾਂ** " ਕਿਹਾ ਉਹਨਾਂ ਦੀ ਇਸ ਰਚਨਾਂ ਵਿੱਚ ਗੁਰਮੁਖੀ ਦੀ ਵਡਿਆਈ ਕੀਤੀ ਜਿਵੇਂ- " **ਗੁਰਮੁਖੀ ਅੱਖਰ ਜਗਤ ਕਾ ਟੋਪ** " ਇਸ ਤਰਾਂ

ਉਦਾਸੀ ਸਾਧੂਆ ਨੇ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ। ਪਹਿਲਾ-ਪਹਿਲ ਗੁਰਮੁਖੀ ਅਤੇ ਗੁਰਬਾਣੀ ਨੂੰ ਸਿੱਖਾਂ ਨੂੰ ਸਿਖਾਉਣਾ ਸ਼ੁਰੂ ਕੀਤਾ। ਇੰਜ ਲੋਕ ਸਿੱਖੀ ਬਾਰੇ ਗੁਰਮੁਖੀ ਦੇ ਮਾਧਿਅਮ ਰਾਂਹੀ ਗੁਰਬਾਣੀ ਦਾ ਗਿਆਨ ਪ੍ਰਾਪਤ ਕਰਨ ਲੱਗੇ। ਬਾਬੇ ਨਾਨਕ ਨੇ 35 ਅੱਖਰਾਂ ਦੇ ਹਵਾਲੇ ਨਾਲ ਗੁਰਬਾਣੀ ਰਚੀ। ਗੁਰਮੁਖੀ ਦੀ ਲੜੀ "ਸ " ਤੋਂ ਸ਼ੁਰੂ ਹੁੰਦੀ ਹੈ ਅਤੇ ਅੱਜ ਕੱਲ ਗੁਰਮੁਖੀ " ੳ" ਤੋਂ ਸ਼ੁਰੂ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਰਚਨਾਂ ਗੁਰਮੁਖੀ ਵਿੱਚ ਹੀ ਕੀਤੀ ਹੈ ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਵੀ ਗੁਰਮੁਖੀ ਵਿੱਚ ਹੀ ਹਨ। ਇਸ ਦਾ ਸਾਫ ਮਤਲਬ ਹੈ ਕਿ ਸਿੱਖ ਸੰਗਤਾਂ ਨੂੰ ਗੁਰਮੁਖੀ ਅੱਖਰਾਂ ਦੀ ਜਾਣਕਾਰੀ ਸੀ। ਭਾਈ ਕਾਹਨ ਸਿੰਘ ਨਾਭੇ ਦਾ "**ਮਹਾਨ ਕੋਸ਼** " (Sikh Encyclopaedia) ਅਤੇ ਹੋਰ ਅਨੇਕਾਂ ਗੁਰਮੁਖ ਸਿੱਖਾਂ ਨੇ ਆਪਣੀਆ ਰਚਨਾਵਾਂ ਗੁਰਮੁਖੀ ਲਿੱਪੀ ਵਿੱਚ ਹੀ ਲਿਖੀਆ, ਭਾਵੇ ਉਹਨਾਂ ਦੀ ਬੋਲੀ ਬ੍ਰਿਜ ਜਾਂ ਕੋਈ ਹੋਰ ਸੀ।

**ਗੁਰਮੁਖੀ ਅੱਖਰ ਪੰਜਾਬੀ ਲਈ ਢੁੱਕਵੇਂ** : ਕਈ ਸਦੀਆਂ ਪਹਿਲਾ ਇਸਲਾਮ ਦੇ ਇਕ ਫਿਰਕੇ ਸੂਫੀ ਫਕੀਰਾਂ ਨੇ ਪੰਜਾਬੀ ਬੋਲੀ ਵਿੱਚ ਆਪਣੇ ਕਲਾਮ ਲਿਖੇ। ਉਹਨਾਂ ਨੇ ਮਾਧਿਅਮ ਅਰਬੀ ਅੱਖਰਾਂ ਨੂੰ ਅਪਣਾਇਆ ਪੰਜਾਬੀ ਬੋਲੀ ਦੇ ਵਸੀਲੇ ਨਾਲ ਉਪਰੋਕਤ ਫਕੀਰਾਂ ਨੇ ਆਪਣੇ ਸਿਧਾਂਤਾ ਦਾ ਪ੍ਰਚਾਰ ਕੀਤਾ। ਇਸ ਤਰਾਂ ਆਪਣੇ ਸਿਧਾਂਤ ਦਾ ਲੋਕਾਂ ਤੇ ਪ੍ਰਭਾਵ ਛੱਡਿਆ। ਲੋਕਾਂ ਨੂੰ ਆਪਣੇ ਫਿਰਕੇ ਦੇ ਸਿਧਾਂਤਾ ਦੇ ਘੇਰੇ ਵਿੱਚ ਲਿਆਂਦਾ। ਉਹਨਾਂ ਨੇ ਆਪਣੀ ਮਰਿਆਦਾ ਵੀ ਇਸਲਾਮ ਦੇ ਅਨੁਸਾਰ ਢਾਲ਼ੀ। ਬਹੁਤ ਸਾਰੇ ਲੋਕਾਂ ਨੂੰ ਇਸਲਾਮ ਧਰਮ ਵਿੱਚ ਲਿਆਂਦਾ। ਸੂਫੀ ਫਕੀਰਾਂ ਵਿੱਚੋਂ ਇੱਕ ਫਕੀਰ ਸੁਲਤਾਨ ਬਾਹੂ, ਜਿਹਨਾਂ ਨੇ ਅਰਬੀ ਅੱਖਰਾਂ ਦੇ ਹਵਾਲੇ ਨਾਲ ਆਪਣੇ ਕਲਾਮ ਲਿਖੇ, ਜਿਸ ਦੀ ਬੋਲੀ ਪੰਜਾਬੀ ਹੀ ਸੀ। ਕਾਦਰਯਾਰ ਨੇ ਵੀ "**ਭਗਤ ਪੂਰਨ**" ਦਾ

ਕਿੱਸਾ ਅਰਬੀ ਅੱਖਰਾਂ ਵਿੱਚ ਹੀ ਲਿਖਿਆ। ਸੁਲਤਾਨ ਬਾਹੂ ਤੋਂ ਪਹਿਲਾ ਪੰਜਾਬੀ ਮੁਸਲ਼ਮਾਨ ਲਿਖਾਰੀਆ ਨੇ ਅਰਬੀ ਲਿੱਪੀ ਨੂੰ ਹੀ ਵਧਾਵਾ ਦਿੱਤਾ ਹੈ। ਇੱਥੇ ਤੱਕ ਸੂਫੀ ਬਾਬਾ ਬੁੱਲੇ ਸ਼ਾਹ, ਵਾਰਿਸ਼ ਸ਼ਾਹ ਅਤੇ ਹੋਰ ਅਨੇਕਾਂ ਪੰਜਾਬੀ ਲਿਖਾਰੀਆਂ ਨੇ ਅਰਬੀ ਅੱਖਰਾਂ ਦੀ ਹੀ ਵਰਤੋਂ ਕੀਤੀ ਹੈ। ਸਭ ਤੋਂ ਵੱਧ ਪੰਜਾਬੀ ਬੋਲਣ ਵਾਲੇ ਇਸਲਾਮ ਨੂੰ ਮੰਨਣ ਵਾਲੇ ਹਨ ਅਤੇ ਉਹਨਾਂ ਨੇ ਪੰਜਾਬੀ ਤੋਂ ਕਿਨਾਰਾ ਕੀਤਾ ਹੋਇਆ ਹੈ। ਜੇਕਰ ਕੋਈ ਟਾਂਮਾ ਪੰਜਾਬੀ ਲਿਖਦਾ ਵੀ ਹੈ ਤਾਂ ਉਹ ਅਰਬੀ ਅੱਖਰਾ ਵਿੱਚ ਹੀ ਲਿਖਦਾ ਹੈ। ਨਿਰਪੱਖ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਉਹਨਾਂ ਫਕੀਰਾਂ ਦੇ ਕਲਾਮਾਂ ਵਿੱਚ ਕਾਫੀ ਤੁਰੱਟੀਆਂ ਹਨ ਅਤੇ ਭਾਸ਼ਾ ਪੱਖੋਂ ਵੀ ਕਾਫੀ ਕਮੀਆ ਹਨ ਜੋ ਕਿ ਖਾਸ ਕਰਕੇ Phonology ਨਾਲ ਸਬੰਧਤ ਹੈ। ਗੁਰਮੁਖੀ ਲਿੱਪੀ ਵਿੱਚ ਅਰਬੀ ਲਿੱਪੀ ਵਾਂਗ ਧੁਨੀਆ ਦੀ ਝ ਨਹੀ ਹੈ। ਗੁਰਮੁਖੀ ਅੱਖਰ ਪੰਜਾਬੀ ਲਿਖਣ ਲਈ ਢੁੱਕਵੇਂ ਅਤੇ ਸਮਰੱਥ ਹਨ। ਕਿਉਂਕਿ ਗੁਰਮੁਖੀ ਲਿੱਪੀ ਦਾ ਜਨਮ ਪੰਜਾਬ ਵਿੱਚ ਹੀ ਹੋਇਆ ਹੈ। ਅਰਬੀ ਲਿੱਪੀ ਦਾ ਜਨਮ ਅਰਬੀ ਦੇਸ਼ਾਂ ਵਿੱਚ ਹੋਇਆ ਹੈ। ਅਰਬੀ ਲਿੱਪੀ ਅਰਬੀ ਤੇ ਤਾਂ ਢੁੱਕਵੀਂ ਹੋ ਸਕਦੀ ਹੈ ਪਰ ਪੰਜਾਬੀ ਤੇ ਨਹੀ। ਗੁਰਮੁਖੀ ਲਿੱਪੀ ਪੰਜਾਬ ਵਿੱਚ ਪੈਦਾ ਹੋਣ ਕਰਕੇ ਇਸ ਦੀਆਂ ਧੁਨੀਆਂ ਪੰਜਾਬੀ ਲਿਖਣ ਦੇ ਸਮਰੱਥ ਹਨ। ਪੰਜਾਬ ਦੀ ਮੁੱਢਲ਼ੀ ਲਿੱਪੀ ਜੋ ਟਾਕਰੀ ਕਹਾਉਂਦੀ ਸੀ ਉਹ ਰਾਜ ਲਿੱਪੀ ਵੀ ਰਹੀ ਅਤੇ ਉਹ ਧਰਮ ਦੇ ਕੰਮਾਂ ਵਿੱਚ ਵੀ ਵਰਤੀ ਜਾਂਦੀ ਰਹੀ। ਪੰਜਾਬ ਦੇ ਪਹਾੜੀ ਇਲਾਕਿਆ ਵਿੱਚ ਇਹ ਲਿੱਪੀ 1947 ਤੱਕ ਵਰਤੀ ਜਾਂਦੀ ਰਹੀ। 1947 ਵੇਲ਼ੇ ਪੰਜਾਬ ਦਾ ਬਹੁਤਾ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ ਅਤੇ ਥੋੜਾ ਜਿਹਾ ਇੰਡੀਆ ਦੇ ਹਿੱਸੇ ਆਇਆ। ਅੰਗਰੇਜ਼ਾ ਵੇਲ਼ੇ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਹੀ ਸੀ ਅਤੇ ਲਿੱਪੀ ਅਰਬੀ ਸੀ। ਹੁਣ ਉਰਦੂ ਦੇ ਹਮਾਇਤੀ ਪੂਰਬੀ ਪੰਜਾਬ ਵਿੱਚ ਨਹੀ ਰਹੇ। ਹੁਣ ਇੱਥੇ ਇਹ ਸਵਾਲ ਪੈਦਾ ਹੋਇਆ ਕਿ ਪੰਜਾਬ ਦੀ ਸਰਕਾਰੀ

ਬੋਲੀ ਕਿਹੜੀ ਹੋਵੇ? ਪੰਜਾਬ ਦੇ ਹਿੰਦੂਆ ਅਤੇ ਪਹਾੜੀ ਹਿੰਦੂਆ ਦਾ ਝੁਕਾਅ ਦੇਵਨਾਗਰੀ ਵੱਲ ਹੋ ਗਿਆ। **ਅਲਬਰੂਨੀ ਦੀ " ਕਿਤਾਬ ਅਲ ਹਿੰਦ " ਅਨੁਸਾਰ ਦੇਵਨਾਗਰੀ ਲਿੱਪੀ ਪੰਜਾਬ ਦੀ ਨਹੀ ਹੈ। ਬਲਕਿ ਇਹ ਲਿੱਪੀ ਮੱਧ ਦੇਸ਼ ਦੀ ਹੈ।** ਜਿਵੇਂ ਪੰਜਾਬ ਦੇ ਮੁਸਲ਼ਮਾਨਾ ਕੋਲ ਕੋਈ ਸਿਆਸੀ ਆਗੂ ਪੰਜਾਬੀ ਨਹੀ ਸੀ। ਉਹਨਾਂ ਨੇ ਸਰ ਸਯਦ ਅਹਿਮਦ ਨੂੰ ਆਪਣਾ ਲੀਡਰ ਮੰਨ ਲਿਆ ਜੋ ਉਤਰ ਪ੍ਰਦੇਸ਼ ਦਾ ਸੀ। ਇਸ ਤਰਾਂ ਪੰਜਾਬੀ ਮੁਸਲ਼ਮਾਨ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਬਣਾਉਣ ਵਿੱਚ ਸਫਲ਼ ਹੋ ਗਏ। ਇਸ ਤਰਾਂ ਪੰਜਾਬੀਆਂ ਵਿੱਚ ਫੁੱਟ ਪੈ ਗਈ। ਉਹ ਆਪਣਾ ਤਾਲ਼ਮੇਲ਼ ਨਾ ਬਣਾ ਸਕੇ। 1947 ਦੇ ਮਗਰੋਂ ਹਿੰਦੂਆਂ ਦਾ ਝੁਕਾਅ ਚਾਹੇ ਉਹ ਮੈਦਾਨੀ ਇਲਾਕੇ ਦੇ ਸਨ, ਚਾਹੇ ਉਹ ਪਹਾੜੀ ਇਲਾਕੇ ਦੇ ਸਨ, ਦੇਵਨਾਗਰੀ ਵੱਲ ਹੋ ਗਿਆ ਅਤੇ ਟਾਕਰੀ ਲਿੱਪੀ ਨੂੰ ਛੱਡ ਦਿੱਤਾ। 1951 ਦੀ ਮਰਦਮਸ਼ੁਮਾਰੀ ਵਿੱਚ ਆਪਣੀ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਈ। ਸਿੱਖਾਂ ਨੇ ਪੰਜਾਬੀ ਬੋਲੀ ਅਤੇ ਗੁਰਮੁਖੀ ਦਾ ਦਾਅਵਾ ਕੀਤਾ ਅਤੇ ਮਰਦਮਸ਼ੁਮਾਰੀ ਵਿੱਚ ਵੀ ਪੰਜਾਬੀ ਲਿਖਵਾਈ। ਇਹਨਾਂ ਦਾ ਧਾਰਮਿਕ ਮੁੱਢ ਗੁਰਮੁਖੀ ਨਾਲ ਹੀ ਜੁੜਿਆ ਹੋਇਆ ਸੀ। ਬਾਬੇ ਨਾਨਕ ਨੇ ਆਪਣੀ ਰਚਨਾਂ ਪੋਠਹਾਰੀ ਵਿੱਚ ਕੀਤੀ ਜੋ ਕਿ ਪੰਜਾਬੀ ਭਾਸ਼ਾ ਦੀ ਇੱਕ ਸ਼ਾਖ ਹੈ ਅਤੇ ਲੋਕਾਂ ਨੂੰ ਮਿਹਣਾਂ ਮਾਰਿਆਂ ਤੇ ਕਿਹਾ ਤੁਸੀ ਆਪਣੀ ਬੋਲੀ, ਪਹਿਰਾਵਾ ਅਤੇ ਸਭਿਆਚਾਰ ਛੱਡ ਦਿੱਤਾ ਹੈ ਅਤੇ ਆਪਣਾ ਦਾਅਵਾ ਕਰਦੇ ਹਾਂ ਕਿ ਅਸੀਂ ਉੱਚੇ ਹਾਂ। ਉਸ ਵੇਲੇ ਦੇ ਰਾਜ ਕਰਦੇ ਟੋਲੇ ਨਾਲੋਂ ਅਸੀ ਸਾਂਊ ਹਾ ਅਤੇ ਉਹ ਜ਼ਾਲਮ ਹਨ। ਇਸ ਤਰਾਂ ਬਾਬੇ ਨਾਨਕ ਨੇ ਉਸ ਵੇਲੇ ਦੇ ਸਮਾਜ ਦਾ ਦ੍ਰਿਸ਼ ਪੇਸ਼ ਕੀਤਾ ਹੈ ਅਤੇ ਸਿੱਟਾ ਕੱਢਿਆ ਹੈ ਕਿ :

"ਜੇ ਜੀਵੈ ਪਤਿ ਲਥੀ ਜਾਇ,
ਸਭੁ ਹਰਾਮੁ ਜੇਤਾ ਕਿਛੁ ਖਾਇ "।

ਇਸ ਤਰਾਂ ਬਾਬੇ ਨਾਨਕ ਨੇ ਲੋਕਾਂ ਨੂੰ ਇੱਕ ਲਿੱਪੀ ਬਖਸ਼ੀ ਹੈ। ਧਰਮ ਦਾ ਸਿਧਾਂਤ ੧ੴ ਦਿੱਤਾ ਹੈ ਤਾਂ ਕਿ ਜਿਹੜੇ ਲੋਕ ਰਾਜ ਕਰਦੇ ਲੋਕਾਂ ਦੇ ਥੱਲੇ ਲੱਗੇ ਹੋਏ ਹਨ, ਉਹਨਾਂ ਨੂੰ ਉੱਪਰ ਉੱਠਣ ਦਾ ਮੌਕਾ ਮਿਲ਼ ਸਕੇ। ਗੁਰਮੁਖੀ ਲਿੱਪੀ ਨਾਲ ਹੀ ਸਿੱਖ ਗੁਰੂਆਂ ਨੇ ਹੁਕਮਨਾਮੇ ਲਿਖੇ ਅਤੇ ਸੰਗਤ ਦੇ ਨਾਂ ਭੇਜੇ। ਉਹਨਾਂ ਦਾ ਮਨੋਰਥ ਸੀ ਕਿ ਗੁਰਮੁਖੀ ਲਿੱਪੀ ਹੀ ਇੰਡੀਆ ਵਿੱਚ ਤਾਲ਼ਮੇਲ਼ ਦਾ ਸਾਧਨ ਬਣੇ ਕਿਉਕਿ ਇਹ ਲਿੱਪੀ ਦੇਸੀ ਸੀ। ਆਪਣੇ ਉੱਤਰਾਅਧਿਕਾਰੀਆਂ ਨੂੰ ਕਿਹਾ ਕਿ ਇਸ ਨੂੰ ਅੱਗੇ ਵਧਾਉਣ ਅਤੇ ਇਹਦੇ ਵਿੱਚ ਹੀ ਪੋਥੀਆਂ ਲਿਖਣ। ਅਜਿਹਾ ਹੀ ਗੁਰੂ ਜੀ ਦੇ ਉੱਤਰਾਅਧਿਕਾਰੀਆਂ ਨੇ ਕੀਤਾ ਅਤੇ ਸਿੱਖ ਲਿਖਾਰੀਆਂ ਨੇ ਵੀ ਉਸ ਤੇ ਅਮਲ਼ ਕੀਤਾ।

ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਿੱਖ ਰਾਜਿਆ ਨੇ ਗੁਰਮੁਖੀ ਦੀ ਬਾਂਹ ਨਹੀ ਫੜੀ। ਆਪਣੀ ਰਾਜ ਦੀ ਸਰਕਾਰੀ ਭਾਸ਼ਾ ਫਾਰਸੀ ਹੀ ਰੱਖੀ। ਜਦੋਂ ਸਰਕਾਰ ਦੀ ਭਾਸ਼ਾ ਨੀਤੀ ਇਹ ਹੋਵੇ ਤਾਂ ਲੋਕਾਂ ਨੂੰ ਮਜ਼ਬੂਰੀ ਨਾਲ ਰਾਜ ਭਾਸ਼ਾ ਪੜ੍ਹਨੀ ਪੈਂਦੀ ਹੈ ਅਤੇ ਲੋਕ ਆਪਣੀ ਬੋਲੀ ਨੂੰ ਪਿੱਛੇ ਛੱਡ ਜਾਂਦੇ ਹਨ।

**ਗੁਰਮੁਖੀ ਪੱਖੀ ਅਤੇ ਵਿਰੋਧੀ :** 1921 ਵਿੱਚ ਭਾਈ ਜੋਧ ਸਿੰਘ ਨੇ ਪੰਜਾਬ ਕਾਂਊਸਲ ਦੇ ਉਸ ਵੇਲੇ ਦੇ ਸਿੱਖਿਆ ਮੰਤਰੀ ਸਰ ਫਜ਼ਲ ਹੁਸੈਨ ਨਾਲ ਗੁਰੂਦੁਆਰਾ ਬਿੱਲ ਦੇ ਮਾਮਲੇ ਸਬੰਧੀ ਮਿਲੇ ਅਤੇ ਬਿੱਲ ਦੇ ਸਾਰੇ ਪਹਿਲੂਆਂ ਤੇ ਚਰਚਾ ਕੀਤੀ। ਉਸ ਦੇ ਵਿੱਚ ਇਹ ਵੀ ਸੀ ਕਿ ਗੁਰੂਦੁਆਰਾ ਪ੍ਰਬੰਧਕਾਂ ਦੀ ਕਾਰਵਾਈ ਲਈ ਕਿਹੜੀ ਭਾਸ਼ਾ ਦੀ ਵਰਤੋਂ ਕੀਤੀ ਜਾਵੇ? ਸਰ ਫਜ਼ਲ ਹੁਸੈਨ ਨੇ ਭਾਈ ਜੋਧ ਸਿੰਘ ਤੇ ਦਬਾਅ ਪਾਇਆ ਕਿ ਉਹ ਉਰਦੂ ਨੂੰ ਹੀ ਗੁਰਦੁਆਰਿਆ ਦੀ ਕਾਰਵਾਈ ਲਈ ਮੰਨ ਲੈਣ। ਭਾਈ ਜੋਧ ਸਿੰਘ ਨੇ ਜਵਾਬ ਦਿੱਤਾ ਅਤੇ ਕਿਹਾ ਕਿ ਇਹ ਸਿੱਖਾਂ ਦਾ ਧਾਰਮਿਕ ਮਸਲਾ ਹੈ। ਇਸ ਕਰਕੇ ਪੰਜਾਬੀ ਗੁਰਮੁਖੀ ਵਿੱਚ

ਹੀ ਲਿਖੀ ਜਾਵੇਗੀ ਅਤੇ ਤੁਹਾਡੀ ਇਹ ਪੇਸ਼ਕਸ ਮੰਨਜ਼ੂਰ ਨਹੀ ਹੈ। ਇਸ ਤੋਂ ਇਹ ਪਤਾ ਚਲਦਾ ਹੈ ਕਿ ਸਰ ਫਜ਼ਲ਼ ਹੁਸੈਨ ਅਤੇ ਉਹਨਾਂ ਦਾ ਭਾਈਚਾਰਾ ਪੰਜਾਬੀ ਅਤੇ ਗੁਰਮੁਖੀ ਬਾਰੇ ਕੀ ਸੋਚ ਰਖਦੇ ਸਨ।

ਇਸ ਤੋਂ ਪਹਿਲਾ ਸਿੰਘ ਸਭਾਂ ਅਤੇ ਸਿੱਖਾਂ ਵਿੱਚ ਇਹ ਗੱਲ ਘਰ ਕਰ ਗਈ ਸੀ ਕਿ ਪੰਜਾਬੀ ਅਤੇ ਗੁਰਮੁਖੀ ਦੇ ਬਿਨਾਂ ਸਾਨੂੰ ਗੁਰਬਾਣੀ ਦੀ ਸਮਝ ਨਹੀ ਆ ਸਕਦੀ ਅਤੇ ਨਾ ਹੀ ਗੁਰਮੁਖੀ ਤੋਂ ਬਿਨਾਂ ਕਿਸੇ ਹੋਰ ਲਿੱਪੀ ਵਿੱਚ ਗੁਰਬਾਣੀ ਲਿਖੀ ਜਾ ਸਕਦੀ ਹੈ। 1942 ਵਿੱਚ ਜਦੋਂ ਸਰ ਖਿਜ਼ਰ ਹਿਆਤ ਖਾਂ ਟਿਵਾਂਣਾ ਦੀ ਸਰਕਾਰ ਸਰਕਾਰ ਬਣਾਉਣ ਦੀ ਤਿਆਰੀ ਹੋਈ ਤਾਂ ਉਸ ਵੇਲੇ ਸਿੱਖ ਲੀਡਰਾਂ ਨਾਲ ਗੱਲ ਕੀਤੀ ਕਿ ਉਹ ਮੇਰੀ ਸਰਕਾਰ ਦੀ ਮਦਦ ਕਰਨ ਅਤੇ ਉਸ ਵੇਲੇ ਦੇ ਸਿੱਖ ਲੀਡਰਾਂ ਨੇ ਮੰਗ ਰੱਖੀ ਕਿ ਪੰਜਾਬੀ ਸਰਕਾਰੀ ਬੋਲੀ ਤੌਰ ਤੇ ਪੜਾਈ ਜਾਵੇ ਅਤੇ ਸਰਕਾਰੀ ਅਦਾਰਿਆ ਵਿੱਚ ਵੀ ਪੜ੍ਹਾਈ ਜਾਵੇ। ਇਸ ਤਰਾਂ ਟਿਵਾਂਣੇ ਨੇ ਸਿੱਖਾ ਦੀ ਗੱਲ ਮੰਨ ਲਈ ਅਤੇ ਸਿੱਖਾ ਨੇ ਉਸ ਦੀ ਸਰਕਾਰ ਵਿੱਚ ਸ਼ਾਮਿਲ ਹੋਣਾ ਮੰਨ ਲਿਆ। ਇੱਥੋਂ ਇਹ ਸਿੱਟਾ ਨਿਕਲਦਾ ਹੈ ਕਿ ਸਿੱਖਾਂ ਨੇ ਹੀ ਪੰਜਾਬੀ ਬੋਲੀ ਅਤੇ ਗੁਰਮੁਖੀ ਦੀ ਬਾਂਹ ਫੜੀ ਜਾਂ ਕੁਝ ਲਿਖਾਰੀਆ ਨੇ ਬਾਂਹ ਫੜੀ।

ਬਾਬੇ ਨਾਨਕ ਤੋਂ ਪਹਿਲਾ ਪੰਜਾਬ ਵਿੱਚ ਕਈ ਧਰਮ ਚਲਦੇ ਸਨ। ਉਹਨਾਂ ਵਿੱਚੋਂ ਕਿਸੇ ਨੇ ਵੀ ਪੰਜਾਬੀ ਦੀ ਪੁਰਾਣੀ ਲਿੱਪੀ ਅਤੇ ਪੰਜਾਬੀ ਬੋਲੀ ਨੂੰ ਪਹਿਲ ਨਹੀ ਦਿੱਤੀ। ਕਿਉਕਿ ਉਹਨਾਂ ਧਰਮਾਂ ਦੇ ਮੋਢੀ ਪੰਜਾਬੀ ਨਹੀ ਸਨ। ਪਟਿਆਲੇ ਯੂਨੀਵਰਸਿਟੀ ਤੋਂ ਇੱਕ ਸੱਜਣ ਨੇ ਜੋਗੀ ਪੰਥ ਤੇ Ph.D ਕੀਤੀ ਅਤੇ ਉਸ ਨੇ ਕੁਝ ਜੋਗੀਆ ਦੀਆਂ ਕੁਟੇਸ਼ਨਾਂ ਦਾ ਹਵਾਲਾ ਦਿੱਤਾ ਹੈ ਜਿਸ ਦਾ ਨਾਂ ਜੋਗੀ ਪੰਥ ਹੈ :

“ ਤੀਨ ਜਨੋ ਕਾ ਸੰਗ ਨਿਭਾਰੋ,
ਨਕਟਾ ਕਾਣਾ ਬੁੱਚਾ ”।

ਇਸ ਨੂੰ ਅਸੀ ਪੰਜਾਬੀ ਵਿਆਕਰਨ ਅਨੁਸਾਰ ਪੰਜਾਬੀ ਨਹੀ ਕਹਿ ਸਕਦੇ ਹਨ। ਡਾ. ਅਰਿਆਣੀ ਨੇ ਆਪਣੀ ਕਿਤਾਬ ਮਾਗਧੀ ਵਿੱਚ ਲਿਖਿਆ ਹੈ ਕਿ: ਇਹ ਸਿੱਧ ਪੰਥੀਆਂ ਦਾ ਪਿਛੋਕੜ ਬਿਹਾਰ ਹੈ। ਜਿੱਥੇ ਦੀ ਬੋਲੀ ਮਗਹਈ, ਮੈਥਲ਼ੀ, ਅਤੇ ਭੋਜਪੁਰੀ ਬਗੈਰਾ ਹੈ। ਜਿਸਦਾ ਪੰਜਾਬੀ ਬੋਲੀ ਦੀ ਵਿਆਕਰਨ ਨਾਲ ਕੋਈ ਮੇਲ਼ ਨਹੀ ਹੈ। ਕਿਉਕਿ ਇਹ ਸਾਰੀਆ ਬੋਲੀਆਂ Single Gender ਕਿਰਿਆਂਵਾਂ ਵਾਲੀਆ ਹੀ ਹਨ।

ਜੈਨ ਅਚਾਰਿਆ ਹੇਮ ਚੰਦਰ ਨੇ 11 ਸਦੀ A.D. ਵਿੱਚ ਇੱਕ ਪ੍ਰਾਕ੍ਰਿਤ ਵਿਆਕਰਨ ਲਿਖਿਆ ਹੈ, ਉਸ ਦੇ ਵਿੱਚ ਛੇ ਭਾਸ਼ਾਵਾ ਦਾ ਜ਼ਿਕਰ ਕੀਤਾ ਹੈ ਅਤੇ ਉਸ ਭਾਸ਼ਾਵਾ ਦਾ ਵਿਆਕਰਨ ਵੀ ਦੱਸਿਆ ਹੈ। ਉਹ ਬੋਲੀਆ ਇਹ ਹਨ : ਮਾਗਧੀ, ਅਰਧ ਮਾਗਧੀ, ਸ਼ੌਰਸੇਨੀ, ਪਸਾਚੀ, ਚੂਲਿਕਾ ਪਸਾਚੀ ਅਤੇ ਅਪਭ੍ਰੰਸ਼। ਅਚਾਰਿਆ ਨੇ ਇਹ ਸਿੱਟਾ ਕੱਢਿਆ ਕਿ ਅੱਜ ਦੀਆਂ ਅਧੁਨਿਕ ਬੋਲੀਆ ਇਹਨਾਂ ਬੋਲੀਆਂ ਵਿੱਚੋਂ ਹੀ ਨਿਕਲੀਆਂ ਹਨ। ਡਾ. Horniel ਦਾ ਮੰਨਣਾ ਹੈ ਕਿ ਸੰਸਕ੍ਰਿਤ ਵਿੱਚ ਜਿਹਨਾਂ ਦੇਸੀ ਬੋਲੀਆ ਦੀ ਮਿਲਾਵਟ ਹੋਈ ਹੈ ਉਸ ਨੂੰ ਪ੍ਰਾਕ੍ਰਿਤ ਕਿਹਾ। ਅਸ਼ੋਕ ਸਮਰਾਟ ਦੀ ਕਲਿੰਗਾ ਦੀ ਜਿੱਤ ਮਗਰੋਂ ਬੁੱਧ ਧਰਮ ਧਰਨ ਕਰ ਲਿਆ। ਕਲਿੰਗਾ ਦੀ ਲੜਾਈ ਨੇ ਉਸ ਦੇ ਦਿਲ ਨੂੰ ਬਹੁਤ ਹਲੂਣਾ ਦਿੱਤਾ ਕਿ ਇਹ ਕੱਟ ਵੱਢ ਉਸਦੇ ਕਰਕੇ ਹੋਈ ਹੈ। ਉਸ ਦੇ ਜਾਰੀ ਕੀਤੇ ਫਰਮਾਨ ਮਿਲਦੇ ਹਨ, ਜਿਹਨਾਂ ਵਿੱਚੋਂ ਇਕ ਫਰਮਾਨ ਸ਼ਾਹਬਾਜ਼ਗੜੀ (ਪੱਛਮੀ ਪੰਜਾਬ) ਤੋਂ ਮਿਲਿਆ ਹੈ। ਉਸ ਵਿੱਚ ਜਿਹੜੀ ਬੋਲੀ ਵਰਤੀ ਹੈ ਉਸ ਨੂੰ ਪਾਲੀ ਕਿਹਾ ਜਾਂਦਾ ਹੈ। ਜਿਹੜੀ ਕਿ ਬੁੱਧ ਧਰਮ ਨਾਲ ਸਬੰਧ ਰੱਖਦੀ ਹੈ। ਡਾ. ਡੇਵਿਡ ਨੇ ਪਾਲੀ-ਇੰਗਲਿਸ਼ ਡਿਕਸ਼ਨਰੀ ਲਿਖੀ ਹੈ। ਇਸ ਵਿੱਚ ਪਾਲੀ ਨੂੰ ਮਹਾਤਮਾ ਬੁੱਧ ਦੀ ਮਾਂ ਬੋਲੀ ਕਿਹਾ ਗਿਆ ਹੈ।

ਉਸ ਤੋਂ ਪਹਿਲਾ ਈਰਾਨੀਆ ਨੇ ਵੀ ਪੰਜਾਬ ਅਤੇ ਸਿੰਧ ਤੇ ਕਬਜ਼ਾ ਕਰ ਲਿਆ ਸੀ ਜੋ ਕਿ ਸਾਨੂੰ ਇਤਿਹਾਸ ਤੋਂ ਪਤਾ ਚਲਦਾ ਹੈ। ਉਹਨਾਂ ਨੇ ਵੀ ਆਪਣੀ ਧਾਰਮਿਕ ਪੁਸਤਕ "ਜ਼ੰਦਅਵੇਸਦਾਂ" ਨੂੰ ਹੀ ਅੱਗੇ ਰੱਖਿਆਂ ਅਤੇ ਲਿੱਪੀ ਈਰਾਨੀ ਵਰਤੀ। ਜਿਸਦੇ ਨਮੂਨੇ ਅਸ਼ੋਕ ਦੀ ਦੂਜੀ ਲਿੱਪੀ ਖਰੋਸ਼ਠੀ, ਵਿੱਚ ਵੀ ਅਸ਼ੋਕ ਦੇ ਫਰਮਾਨ ਮਿਲੇ ਹਨ।

ਪੰਜਾਬ ਦੇ ਦੂਜੀ ਸਦੀ B.C ਦੇ ਰਾਜੇ ਹੋਏ ਹਨ, ਨੂੰ ਉਦੰਬਰ ਕਿਹਾ ਜਾਂਦਾ ਹੈ। ਉਹਨਾਂ ਨੇ ਵੀ ਖਰੋਸ਼ਠੀ ਲਿੱਪੀ ਆਪਣੇ ਸਿੱਕਿਆ ਤੇ ਵਰਤੀ ਹੈ। ਜਿਸ ਦੀ ਖੋਜ Archaeology of India ਨੇ ਕੀਤੀ ਹੈ।

ਪ੍ਰੋ. William Cary ਜਿਹੜਾ ਕਿ ਕਈ ਭਾਸ਼ਾਵਾ ਦਾ ਵਿਦਵਾਨ ਸੀ, ਉਸ ਨੇ ਪੰਜਾਬੀ ਵਿੱਚ ਇਕ ਵਿਆਕਰਨ ਲਿਖਿਆ। ਜਿਹੜਾ ਕਿ 1812 ਈ. ਵਿੱਚ ਛਪਿਆ ਹੈ। ਉਸ ਵਿੱਚ ਪੰਜਾਬੀ ਬਾਰੇ ਮੋਟੀ-ਮੋਟੀ ਜਾਣਕਾਰੀ ਦਿੱਤੀ ਗਈ ਹੈ। ਉਸ ਦੇ ਵਿੱਚ ਸਾਨੂੰ ਕਈ ਭੁੱਲਾਂ ਵੀ ਮਿਲਦੀਆਂ ਹਨ। ਜਿਵੇਂ ਕਿ 'ੜ' ਨੂੰ ਨਾ ਸਮਝਣਾ। ਪੰਜਾਬੀ ਨੂੰ ਰੋਮਨ ਵਿੱਚ ਪੇਸ਼ ਕੀਤਾ ਜੋ ਕਿ ਸਹੀ ਤੌਰ ਉਚਾਰਣ ਨਹੀ ਹੈ। ਭਾਵ ਅਟਕਲ਼ ਪੱਚੂ ਨਾਲ ਹੀ ਇਸ ਵਿਆਕਰਨ ਵਿੱਚ ਕੰਮ ਚਲਾਇਆ ਗਿਆ ਹੈ। ਪਰ ਇਸ ਗੱਲੋਂ ਉਸ ਦੀ ਵਡਿਆਈ ਕਰਨੋਂ ਨਹੀ ਰਹਿ ਸਕਦੇ ਹਾਂ ਕਿ ਉਸ ਨੇ ਪੰਜਾਬੀ ਲਈ ਨਿਵੇਕਲ਼ਾ ਕੰਮ ਕੀਤਾ ਸੀ ਜੋ ਕਿ ਇਹ ਵਿਦੇਸ਼ੀ ਸੀ। ਜਿਸ ਨੂੰ ਸਾਡੇ ਸਭਿਆਚਾਰੇ ਅਤੇ ਬੋਲੀ ਨਾਲ ਕੋਈ ਹਮਦਰਦੀ ਨਹੀ ਸੀ। ਉਸ ਤੇ ਰਾਜਨੀਤਿਕ ਪ੍ਰਭੂਆਂ ਦਾ ਹੱਥ ਸੀ। ਕਿਵੇਂ ਅਸੀ ਲੋਕਾਂ ਨੂੰ ਉਹਨਾਂ ਦੀ ਬੋਲੀ ਪੜ੍ਹਾ ਕੇ ਉਹਨਾਂ ਨੂੰ ਨਾਲ ਜੋੜਨਾ ਹੈ। ਉਹਨਾ ਦਾ ਇਹ ਰਾਜਨਿਤਿਕ ਮਨੋਰਥ ਸੀ। ਦੂਜੇ ਪਾਸੇ ਸਾਡੇ ਮੁਸਲਮਾਨਾ ਅਤੇ ਹਿੰਦੂਆ ਭਰਾਵਾਂ ਨੇ ਵੀ ਉਸ ਵੇਲੇ ਉਪਰਾਲਾ ਨਹੀ ਕੀਤਾ। ਪਿੱਛੇ ਜਿਹੇ **ਸਪੋਕਸਮੈਨ** ਵਿੱਚ ਪੰਜਾਬੀ ਵਿੱਚ

ਪਾਕਿਸਤਾਨੀ ਸੱਜਨ ਦਾ ਲੇਖ ਛੱਪਿਆ ਸੀ ਕਿ ਅੰਗਰੇਜ਼ਾ ਨੇ ਪੰਜਾਬੀ ਦਾ ਸ਼ੋਸ਼ਣ ਕੀਤਾ। ਜਿਸ ਵਿੱਚ ਉਹਨਾਂ ਦੇ ਭਾਈਚਾਰੇ ਦਾ ਹੀ ਮਨੋਰਥ ਲਗਦਾ ਸੀ ਕਿ ਉਹ ਅੰਗਰੇਜ਼ਾ ਨੂੰ ਛੁਟਿਉਣਾ ਸੀ। ਉਸ ਨੇ ਆਪਣੇ ਲੇਖ ਵਿੱਚ ਲਿਖਿਆ ਸੀ ਕਿ " ਪੰਜਾਬੀ ਦੀਆ entrance books ਕਾਫੀ ਮਹਿੰਗੀਆ ਸਨ ਅਤੇ ਤਲਵਾਰਾ ਕਾਫੀ ਸਸਤੀਆਂ ਸਨ " ਪਰ ਇਸ ਬਾਰੇ ਸਾਨੂੰ ਪੰਜਾਬੀ ਦੇ ਇਤਿਹਾਸ ਵਿੱਚ ਕੋਈ ਸਬੂਤ ਨਹੀ ਲੱਭਦਾ।

ਪ੍ਰੋ. William Cary ਦੇ ਮੁਤਾਬਿਕ ਗੁਰਮੁਖੀ ਦੀ ਵਰਤੋਂ ਸਿੱਖ ਹੀ ਕਰਦੇ ਹਨ। ਹੋਰ ਪੰਜਾਬੀ ਬਰਾਦਰੀਆਂ ਨਹੀ ਕਰਦੀਆ ਹਨ।

# ਪੰਜਾਬੀ ਬੋਲੀ ਦੀ ਚੜ੍ਹਤ

ਪੰਜਾਬੀ ਬੋਲੀ ਦੀ ਚੜ੍ਹਤ ਲਈ 1947 ਤੋਂ ਪਹਿਲਾਂ ਰਾਜਨੀਤਿਕ ਤੌਰ ਤੇ ਸਿੱਖਾਂ ਨੇ ਹੀ ਪਹਿਲ ਕੀਤੀ ਸੀ। ਪੰਜਾਬ ਦੇ ਉਦੋ ਦੇ **ਪ੍ਰਧਾਨ ਮੰਤਰੀ ਖਿਜ਼ਰਹਿਆਤ ਖਾਨ ਟਿਵਾਣਾ** ਤੋਂ ਸਕੂਲਾਂ ਵਿੱਚ ਪੰਜਾਬੀ ਨੂੰ ਪੜ੍ਹਨ ਦੀ ਇਜ਼ਾਜ਼ਤ ਦਿਵਾਈ। ਇਸ ਤਰਾਂ ਸਾਹਿਤ ਸਭਾਵਾਂ ਨੇ ਵੀ ਮੰਗ ਉਠਾਈ। ਪਰ ਇੰਨਾ ਪ੍ਰਭਾਵ ਨਾ ਪੈ ਸਕਿਆ ਜਿੰਨਾ ਅਕਾਲੀ ਪਾਰਟੀ ਨੇ ਪਾਇਆ ਸੀ। ਪੰਜਾਬ ਵਿੱਚ ਬਹੁ-ਗਿਣਤੀ ਮੁਸਲਿਮ ਧਰਮ ਨੂੰ ਮੰਨਣ ਵਾਲਿਆ ਦੀ ਸੀ ਅਤੇ ਹਿੰਦੂਆ ਦੀ ਅਬਾਦੀ ਸਿੱਖਾ ਨਾਲੋਂ ਵੱਧ ਸੀ। ਉਪਰੋਕਤ ਦੋਹਾਂ ਨੇ ਸਿੱਖਾਂ ਦਾ ਸਾਥ ਨਹੀ ਦਿੱਤਾ। ਉਰਦੂ ਅਤੇ ਹਿੰਦੀ ਦਾ ਪ੍ਰਚਾਰ ਕਰਦੇ ਰਹੇ। ਜੇਕਰ ਤਿੰਨੇ ਗਰੁੱਪ ਸਮੂਹਿਕ ਤੌਰ ਤੇ ਹੰਭਲਾ ਮਾਰਦੇ ਤਾਂ ਪੰਜਾਬੀ ਨੂੰ ਪਹਿਲੇ ਸਥਾਨ ਤੋਂ ਕੋਈ ਨਹੀ ਰੋਕ ਸਕਦਾ ਸੀ। 14/15 ਅਗਸਤ, 1947 ਨੂੰ ਪਾਕਿਸਤਾਨ ਅਤੇ ਭਾਰਤ ਦੋ ਦੇਸ਼ ਬਣ ਗਏ। ਇਸ ਵੰਡ ਦੌਰਾਨ ਪੰਜਾਬੀ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਬਹੁਤ ਹੋਇਆ। ਪ੍ਰਵਾਸ ਕਰਕੇ ਲੋਕ ਮਨਭਾਉਦੇ ਦੇਸ਼ ਨੂੰ ਇਧਰ-ਉਧਰ ਤੁਰ ਪਏ।

ਦੁਨੀਆ ਵਿੱਚ ਧਰਮ ਅਤੇ ਬੋਲੀ ਦੀ ਸਾਂਝ ਬਹੁਤ ਤਕੜਾ ਰੋਲ ਅਦਾ ਕਰਦੀ। ਜਿਵੇ ਅਸੀਂ ਦੇਖਿਆ ਹੈ ਕਿ ਲਗਭਗ 20 ਕੁ ਵਰ੍ਹੇ ਪਹਿਲਾ ਜਰਮਨ ਫਿਰ ਤੋਂ ਇੱਕਮੁਠ ਹੋ ਗਿਆ। ਇਸ ਦਾ ਕਾਰਨ ਇਹ ਸੀ ਕਿ ਪੂਰਬੀ ਅਤੇ ਪੱਛਮੀ ਜਰਮਨ ਦੇ ਲੋਕਾਂ ਦਾ ਧਰਮ ਅਤੇ ਭਾਸ਼ਾ ਇਕ ਸੀ। ਜਦਕਿ **U.S.S.R** ਪੰਦਰਾਂ ਦੇਸ਼ਾ ਵਿੱਚ ਵੰਡਿਆਂ ਗਿਆ। ਇਸਦਾ ਕਾਰਨ ਸੀ ਕਿ ਕਈ ਰਿਪਬਲਿਕਾਂ ਵਿੱਚ ਲੋਕਾਂ ਦੀ ਭਾਸ਼ਾ ਅਤੇ ਧਰਮ ਅੱਡ-ਅੱਡ ਸੀ।

1947 ਤੋਂ ਪਿੱਛੋਂ ਪੂਰਬੀ ਪੰਜਾਬ ਦੇ ਉਰਦੂ ਪੱਖੀ ਪੰਜਾਬੀ ਮੁਸਲਮਾਨ ਪਾਕਿਸਤਾਨ ਚਲੇ ਗਏ ਅਤੇ ਪੱਛਮੀ ਪੰਜਾਬ ਦੇ ਲੋਕ ਭਾਰਤ ਆ ਗਏ। ਹੁਣ ਪੂਰਬੀ ਪੰਜਾਬ ਵਿੱਚ ਪੰਜਾਬੀ ਬੋਲੀ ਲਈ ਸਿੱਖਾ ਨੇ ਅਤੇ ਸਾਹਿਤ ਸਭਾਵਾਂ ਨੇ ਹੀ ਇਸ ਦੀ ਮੰਗ ਕੀਤੀ ਹੈ ਕਿ ਪੰਜਾਬੀ ਨੂੰ ਉਰਦੂ ਦੀ ਥਾਂ ਸਰਕਾਰੀ ਬੋਲੀ ਬਣਾਈ ਜਾਵੇ। ਉਦੋਂ ਦੇ ਮੁਖ ਮੰਤਰੀ ਭਾਰਗੋ ਨੇ ਦੋ ਬੋਲੀਆਂ ਪੰਜਾਬੀ ਅਤੇ ਹਿੰਦੀ ਮੰਨ ਲਈਆਂ। ਇਸ ਤਰਾਂ ਪੰਜਾਬ ਦੇ ਭਾਸ਼ਾ ਦੇ ਆਧਾਰ ਤੇ ਦੋ ਖੇਤਰ ਬਣ ਗਏ, ਇੱਕ ਪੰਜਾਬੀ ਖੇਤਰ ਅਤੇ ਦੂਸਰਾ ਹਿੰਦੀ ਖੇਤਰ। ਇਸ ਪ੍ਰਕਾਰ ਪੰਜਾਬ ਦੇ ਹਿੰਦੀ ਪੱਖੀਆਂ ਨੇ ਪੰਜਾਬੀ ਨੂੰ ਮੰਨਣੋ ਇਨਕਾਰ ਕਰ ਦਿੱਤਾ।

1951 ਦੀ ਮਰਦਮਸ਼ੁਮਾਰੀ ਵਿੱਚ ਹਿੰਦੂ ਬਹੁ-ਗਿਣਤੀ ਅਤੇ ਅਨਸੂਚਿਤ ਜਾਤੀ ਵਾਲਿਆ ਨੇ ਆਪਣੀ ਭਾਸ਼ਾ ਹਿੰਦੀ ਦਰਜ਼ ਕਰਵਾਈ। ਇਸ ਦੇ ਸਿੱਟੇ ਵਜੋਂ ਪੰਜਾਬ ਵਿੱਚ ਭਾਈਚਾਰਕ ਸਾਂਝ ਵਿੱਚ ਤ੍ਰੇੜਾਂ ਆ ਗਈਆਂ। ਪੰਜਾਬੀ ਪੱਖੀਆਂ ਨੇ ਪੰਜਾਬੀ ਨੂੰ ਉਚਿੱਤ ਥਾਂ ਦਿਵਾਉਣ ਲਈ ਰਾਜਨੀਤਿਕ ਤੌਰ ਤੇ ਸਰਗਰਮੀਆਂ ਆਰੰਭ ਕੀਤੀਆ। ਇਹਦੇ ਉਲਟ ਹਿੰਦੀ ਪੱਖੀਆ ਨੇ ਵੀ ਸਰਗਰਮੀਆਂ ਆਰੰਭ ਕੀਤੀਆਂ ਤਾਂ ਕਿ ਪੰਜਾਬੀ ਨੂੰ ਹੱਕ ਨਾ ਮਿਲ ਸਕੇ। **ਭਾਰਗੋ ਪਿੱਛੋਂ ਭੀਮ ਸੇਨ ਸੱਚਰ** ਪੰਜਾਬ ਦਾ ਮੁੱਖ ਮੰਤਰੀ ਬਣਿਆ। ਉਸ ਨੇ ਇਕ ਫਾਰਮੂਲਾ ਪੇਸ਼ ਕੀਤਾ, ਜਿਸ ਨੂੰ ਸੱਚਰ ਫਾਰਮੂਲਾ ਕਿਹਾ ਜਾਂਦਾ ਹੈ। ਇਸ ਨੂੰ ਨੇਪਰੇ ਚਾੜਨ ਲਈ **ਗਿਆਨੀ ਕਰਤਾਰ ਸਿੰਘ** ਦੀ ਅਗਵਾਈ ਵਿੱਚ ਸਰਗਰਮੀਆਂ ਆਰੰਭ ਕੀਤੀਆਂ ਪਰ ਇਹ ਫਾਰਮੂਲਾ ਹਿੰਦੀ ਪੱਖੀਆ ਨੇ ਕਾਮਯਾਬ ਨਾ ਹੋਣ ਦਿੱਤਾ। ਇਸ ਪ੍ਰਕਾਰ ਪੰਜਾਬੀ ਪੱਖੀਆ ਖਾਸ ਕਰਕੇ ਅਕਾਲੀਆਂ ਨੇ ਸਰਗਰਮੀਆਂ ਸ਼ੁਰੂ ਕੀਤੀਆਂ ਅਤੇ ਪਾਰਟੀ ਵੱਲੋਂ ਬਹੁਤ ਗ੍ਰਿਫਤਾਰੀਆਂ ਵੀ ਕਰਵਾਈਆ। ਭੀਮ ਸੇਨ ਸੱਚਰ ਨੇ ਇਨ੍ਹਾਂ ਦੇ ਅੰਦੋਲਨ ਦਬਾਉਣ ਲਈ ਹਰਿਮੰਦਰ ਸਾਹਿਬ ਵਿਖੇ ਲਾਠੀ ਚਾਰਜ ਦਾ ਹੁਕਮ ਦਿੱਤਾ। ਇਸ ਨਾਲ ਉਸਦੀ ਕਾਫੀ ਬਦਨਾਮੀ ਹੋਈ

ਅਤੇ ਉਸਨੂੰ ਤਿਆਗ ਪੱਤਰ ਵੀ ਦੇਣਾ ਪਿਆ। ਉਸ ਪਿੱਛੋਂ ਪੰਜਾਬ ਦਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਬਣਿਆ ਪਰ ਫਿਰ ਵੀ ਪੰਜਾਬੀ ਨੂੰ ਉਚਿੱਤ ਥਾਂ ਨਾ ਮਿਲਿਆ। ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਵੀ ਕਈ ਮੋਰਚੇ ਲਗਾਏ ਗਏ ਅਤੇ ਲੋਕਾਂ ਨੂੰ ਜਾਗ੍ਰਿਤ ਕਰਦੇ ਰਹੇ। ਇਸ ਦੇ ਮੁਕਾਬਲੇ ਹਿੰਦੀ ਪੱਖੀਆਂ ਨੇ ਹਿੰਦੀ Agitation ਸ਼ੁਰੂ ਕੀਤੀ। ਪ੍ਰਤਾਪ ਸਿੰਘ ਕੈਰੋਂ ਨੇ ਥੋੜੀ ਜਿਹੀ ਸਖਤੀ ਨਾਲ ਇਸ ਨੂੰ ਦਬਾ ਦਿੱਤਾ, ਜਦ ਕਿ ਅਕਾਲੀਆਂ ਦੇ ਨਾਲ ਬਹੁਤ ਸਖਤੀ ਹੋਈ। ਉਹਨਾਂ ਤੇ ਕਈ ਜੁਰਮਾਨੇ ਲਗਾਏ ਗਏ ਅਤੇ ਕਰੜੀ ਹੱਥੀ ਪੇਸ਼ ਆਇਆ। 1962 ਵਿੱਚ ਕੈਰੋਂ ਨੇ ਪੰਜਾਬ ਵਿੱਚ ਹਾਲਾਤਾਂ ਨੂੰ ਘੋਖਦੇ ਹੋਏ ਪੰਜਾਬੀ ਨੂੰ ਜ਼ਿਲ੍ਹਾਂ ਪੱਧਰ ਤੇ ਲਾਗੂ ਕਰ ਦਿੱਤਾ ਅਤੇ ਜ਼ਿਲਾ ਪੱਧਰ ਤੇ ਪੰਜਾਬੀ ਵਿੱਚ ਕੰਮ ਹੋਣ ਲੱਗਾ। ਇਹ ਪੰਜਾਬੀ ਪ੍ਰੇਮੀਆਂ ਅਤੇ ਸਿੱਖਾਂ ਦੀ ਪਹਿਲੀ ਜਿੱਤ ਸੀ ਪਰ ਇਹਦੇ ਨਾਲ ਪੰਜਾਬੀ ਨੂੰ ਜਿਹੜੇ ਉੱਚ ਦਰਜ਼ੇ ਦੀ ਥਾਂ ਮਿਲਣੀ ਚਾਹੀਦੀ ਸੀ ਨਹੀ ਮਿਲੀ। ਮਾਸਟਰ ਤਾਰਾ ਸਿੰਘ ਪਿੱਛੋਂ ਸੰਤ ਫਤਹਿ ਸਿੰਘ ਨੇ ਅਗਵਾਈ ਕੀਤੀ। ਉਸ ਦੀ ਅਗਵਾਈ ਹੇਠ ਪੰਜਾਬੀ ਨੂੰ ਉਚਿੱਤ ਥਾਂ ਦਿਵਾਉਣ ਲਈ ਸਰਗਰਮੀਆਂ ਸ਼ੁਰੂ ਕੀਤੀਆਂ। ਜਦੋਂ ਪੰਜਾਬੀਆਂ ਦੀ ਮੰਗ ਨੂੰ ਬੂਰ ਨਾ ਪਿਆ ਤਾਂ ਸੰਤ ਫਤਹਿ ਸਿੰਘ ਨੇ ਮਰਨ ਵਰਤ ਰੱਖ ਲਿਆ। ਇਸ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਵੀ ਮਰਨ ਵਰਤ ਰੱਖਿਆ ਸੀ, ਪਰ ਸਫਲ ਨਾ ਹੋ ਸਕਿਆ। 1964 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਮੌਤ ਪਿੱਛੋਂ ਲਾਲ ਬਹਾਦਰ ਸ਼ਾਸਤਰੀ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ। ਇਸ ਦੀ ਕੈਬਨਟ ਵਿੱਚ ਇੰਦਰਾਂ ਗਾਂਧੀ ਸੂਚਨਾਂ ਅਤੇ ਪ੍ਰਸਾਰਨ ਮੰਤਰੀ ਬਣੀ। **ਉਸ ਨੇ ਜਲੰਧਰ ਰੇਡਿਓ ਤੋਂ ਹਿੰਦੀ ਦੀ ਥਾਂ ਪੰਜਾਬੀ announcement ਸ਼ੁਰੂ ਕੀਤੀ**। ਕੁਦਰਤੀ 1965 ਵਿੱਚ ਭਾਰਤ-ਪਾਕਿਸਤਾਨ ਦੀ ਲੜਾਈ ਸ਼ੁਰੂ ਹੋ ਗਈ। ਦੂਜੇ ਪਾਸੇ ਸ਼ਾਸਤਰੀ ਜੀ ਨੇ ਫਤਹਿ ਸਿੰਘ ਨੂੰ ਅਪੀਲ ਕੀਤੀ ਕਿ ਉਹ ਮਰਨ ਵਰਤ ਛੱਡ ਦੇਵੇਂ

ਅਤੇ ਉਸ ਨੇ ਮਰਨ ਵਰਤ ਛੱਡ ਦਿੱਤਾ। ਇਸ ਪ੍ਰਕਾਰ ਪੰਜਾਬੀ ਸੂਬੇ ਦੀ ਪਛਾਣ ਲਈ ਸ. ਹੁਕਮ ਸਿੰਘ (ਸਪੀਕਰ ਲੋਕ ਸਭਾ) ਦੀ ਅਗਵਾਈ ਹੇਠ ਇਕ ਕਮੇਟੀ ਬਣਾਈ। ਇਹ ਕਮੇਟੀ ਪੰਜਾਬ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪਛਾਣਨ ਲਈ ਬਣਾਈ ਗਈ ਸੀ।

ਕਈ ਦਿਨਾਂ ਦੀ ਲੜਾਈ ਪਿੱਛੋਂ ਰੂਸ ਨੇ ਲੜਾਈ ਬੰਦ ਕਰਵਾਉਣ ਲਈ ਦੋਹਾਂ ਮੁਲਖਾਂ ਦੀ ਤਾਸ਼ਕੰਦ (ਉਜ਼ਬੇਕਸਤਾਨ) ਵਿੱਚ ਸਮਝੌਤੇ ਲਈ ਮੀਟਿੰਗ ਬੁਲਾਈ। ਉੱਥੇ ਲਾਲ ਬਹਾਦਰ ਸ਼ਾਸ਼ਤਰੀ ਅਤੇ ਪਾਕਿਸਤਾਨ ਦਾ ਪ੍ਰਧਾਨ ਮੰਤਰੀ, ਇਕੱਠੇ ਹੋਏ। ਇਸ ਤਰਾਂ ਇਹਨਾਂ ਨੇ ਰੂਸ ਦੇ ਦਬਾਅ ਹੇਠ ਆ ਕੇ ਆਪਸ ਵਿੱਚ ਸਮਝੌਤਾ ਕਰ ਲਿਆ। ਉੱਥੇ ਲਾਲ ਬਹਾਦਰ ਸ਼ਾਸ਼ਤਰੀ ਦੀ ਦਿਲ ਦੇ ਦੌਰੇ ਕਰਕੇ ਮੌਤ ਹੋ ਗਈ। ਇਸ ਪਿੱਛੋਂ ਇੰਦਰਾਂ ਗਾਂਧੀ ਪ੍ਰਧਾਨ ਮੰਤਰੀ ਬਣ ਗਈ। ਉਸ ਦੇ ਹੁਕਮ ਤੇ **ਸ਼ਾਹ ਕਮਿਸ਼ਨ** ਦੀ ਅਗਵਾਈ ਹੇਠ ਪੰਜਾਬੀ ਸੂਬੇ ਦਾ ਐਲਾਨ ਕੀਤਾ ਕਿ ਪੰਜਾਬੀ ਇਲਾਕਾ **ਖਰੜ ਅਤੇ ਚੰਡੀਗੜ** ਪੰਜਾਬ ਚੋਂ ਕੱਢ ਕੇ ਹਰਿਆਣੇ ਨੂੰ ਦਿੱਤਾ ਜਾਵੇ। ਦੂਸਰੇ ਪਾਸੇ ਕਾਂਗੜਾ ਅਤੇ ਹੁਸ਼ਿਆਰਪੁਰ ਦੇ ਇਲਾਕੇ ਕੱਟ ਕੇ ਹਿਮਾਚਲ ਨੂੰ ਦਿੱਤੇ ਜਾਣ ਅਤੇ ਆਨੰਦਪੁਰ ਨੂੰ ਵੀ ਹਿਮਾਚਲ ਵਿੱਚ ਸ਼ਾਮਿਲ ਕਰਨ ਦੀ ਸਿਫਾਰਸ਼ ਕੀਤੀ। ਇਹਦੇ ਵਿੱਚ ਜਸਟਿਸ ਦਾਸ ਦੀ ਕੋਈ ਕਮਜ਼ੋਰੀ ਨਹੀ ਸੀ। ਇਹ ਪੰਜਾਬੀ ਕਪੂਤਾ ਦੀ ਗਲਤੀ ਸੀ। ਇਸ ਤਰਾਂ ਭਾਸ਼ਾ ਨੂੰ, 1961 ਦੀ ਮਰਦਮਸ਼ੁਮਾਰੀ ਅਤੇ ਤਹਿਸੀਲ ਯੂਨਿਟ ਮੰਨ ਲਿਆ ਗਿਆ। ਇਸ ਅਨਿਆ ਨੂੰ ਦੇਖ ਕੇ ਪੰਜਾਬੀ ਕਾਂਗਰਸੀ ਸਿੱਖਾਂ ਵਿੱਚ ਹਾਹਾਕਾਰ ਮਚ ਗਈ। ਉਸ ਵੇਲੇ ਪੰਜਾਬ ਕਾਂਗਰਸ ਦਾ ਪ੍ਰਧਾਨ **ਨਿਰੰਜਨ ਸਿੰਘ** ਤਾਲਬ ਸੀ। ਉਸ ਨੇ ਇਕ ਪ੍ਰਤੀਨਿਧੀ ਮੰਡਲ ਨੂੰ ਨਾਲ ਲੈ ਕੇ ਸਵਰਨ ਸਿੰਘ ਸਮੇਤ ਇੰਧਰਾਂ ਗਾਂਧੀ ਨੂੰ ਮਿਲੇ। ਇਸ ਤਰਾਂ ਉਹਨਾਂ ਨੇ ਆਪਣੀ ਦਲੀਲ ਨਾਲ ਪ੍ਰਧਾਨ ਮੰਤਰੀ ਨੂੰ ਕਾਇਲ ਕੀਤਾ, ਅਤੇ ਕਿਹਾ ਕਿ ਉਹ ਅਨੰਦ ਸਾਹਿਬ, ਖਰੜ ਅਤੇ ਚੰਡੀਗੜ ਪੰਜਾਬ ਨੂੰ ਦੇਵੇ। ਜੇਕਰ

ਅਜਿਹਾ ਨਹੀ ਕਰਦੇ ਤਾਂ ਕਿਸੇ ਨੂੰ ਨਾਂ ਦੇਵੇ। ਇੰਦਰਾਂ ਗਾਂਧੀ ਨੇ ਅਨੰਦਪੁਰ ਅਤੇ ਖਰੜ ਤਾਂ ਪੰਜਾਬ ਨੂੰ ਦੇਣਾ ਮੰਨ ਲਿਆ ਪਰ ਚੰਡੀਗੜ ਦੇਣ ਨੂੰ ਨਹੀ ਮੰਨੀ। ਚੰਡੀਗੜ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ। ਇਸ ਪ੍ਰਕਾਰ ਪੰਜਾਬ, ਹਰਿਆਣਾ ਅਤੇ ਚੰਡੀਗੜ (ਯੂ.ਟੀ) ਹੋਦ ਵਿੱਚ ਆਇਆ। ਪੰਜਾਬ ਦੀ ਵੰਡ ਪਿੱਛੋਂ ਪੰਜਾਬ ਦਾ ਮੁੱਖ ਮੰਤਰੀ ਗੁਰਮੁੱਖ ਸਿੰਘ ਮੁਸਾਫਿਰ ਬਣਿਆ। ਉਸ ਦੀ ਅਗਵਾਈ ਵਿੱਚ ਚੋਣਾਂ ਕਰਵਾਈਆਂ ਗਈਆ। ਸਿੱਟੇ ਵਜੋਂ ਸਾਂਝੇ ਫਰੰਟ ਦੀ ਸਰਕਾਰ ਬਣੀ। ਇਸ ਦਾ ਮੁਖੀ ਜਸਟਿਸ ਗੁਰਨਾਮ ਸਿੰਘ ਬਣਿਆ। ਇਸ ਪ੍ਰਕਾਰ ਉਹ ਵੀ ਇਸ ਮਨੋਰਥ ਵਿੱਚ ਅਸਫਲ ਰਿਹਾ। ਪਿੱਛੋਂ ਬਗਾਬਤ ਹੋਣ ਕਰਕੇ ਪੰਜਾਬ ਦਾ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਬਣਿਆ, ਜਿਸ ਦੀ ਹਮਾਇਤ ਕਾਂਗਰਸ ਨੇ ਕੀਤੀ। ਗਿੱਲ ਨੇ ਪੰਜਾਬੀ ਨੂੰ ਸਕੱਤਰੇਤ ਤੱਕ ਲਾਗੂ ਕੀਤਾ ਅਤੇ ਸਿੱਖਿਆ ਦਾ ਉੱਚ ਮਾਧਿਅਮ ਪੰਜਾਬੀ ਬਣਾਇਆ। ਇਸ ਤੋਂ ਇਲਾਵਾ ਉਸ ਨੇ ਪੰਜਾਬ ਵਿੱਚ ਲਿੰਕ ਰੋਡ ਵੀ ਬਣਵਾਏ, ਜਿਸ ਕਰਕੇ ਪੰਜਾਬੀ ਪੇਂਡੂ ਲੋਕਾਂ ਨੂੰ ਬਹੁਤ ਲਾਭ ਹੋਇਆ। ਇਸ ਪਿੱਛੋਂ ਆਈਆਂ ਪੰਜਾਬ ਦੀਆਂ ਸਰਕਾਰਾਂ ਦੀ ਤੁਲਨਾਂ ਕੀਤੀ ਜਾਵੇ ਤਾਂ ਉਹਦੇ ਮੁਕਾਬਲੇ ਕੋਈ ਵੀ ਸਰਕਾਰ ਪੰਜਾਬ ਸੂਬੇ ਦੀ ਕਾਨਫਰੰਸ ਦੀ ਅਕਾਸੀ ਨਹੀ ਕਰਦੀਆਂ। 1981 ਵਿੱਚ ਕੇਂਦਰੀ ਪੰਜਾਬੀ ਸਭਾ ਦੀ ਕਾਨਫਰੰਸ ਜਲੰਧਰ ਵਿਖੇ ਹੋਈ, ਜਿਸ ਵਿੱਚ ਕਈ ਮਾਮਲੇ ਵਿਚਾਰੇ ਗਏ। **ਇਕ ਮੁਸਲਮਾਨ ਲਿਖਾਰੀ ਖਾਲਿਦ ਹੁਸੈਨ ਨੇ ਪੰਜਾਬੀ ਨੂੰ ਸ਼ਾਹਮੁਖੀ ਲਿੱਪੀ ਵਿੱਚ ਲਿਖਣ ਲਈ ਪ੍ਰਸਤਾਵ ਰੱਖਿਆ। ਉਦੋ ਦੇ ਪ੍ਰਧਾਨ ਸਾਧੂ ਸਿੰਘ ਹਮਦਰਦ ਦੀ ਪ੍ਰਧਾਨਗੀ ਵਿੱਚ ਇਹ ਪ੍ਰਸਤਾਵ ਰੱਦ ਕਰ ਦਿੱਤਾ ਗਿਆ।**

ਫਾਰਸੀ ਸਾਹਿਤ ਇਤਿਹਾਸ ਦੇ ਕਰਤਾ **George Brown** ਦੇ ਪੰਜਾਬੀ ਟ੍ਰਾਂਸਲੇਸ਼ਨ ਵਿੱਚੋਂ ਪਤਾ ਲਗਦਾ ਹੈ ਕਿ ਈਰਾਨ ਦੀ **Empire** ਕਿੰਨੀ ਵੱਡੀ ਸੀ ਅਤੇ ਉਹ ਕਿਵੇਂ ਖਤਮ ਹੋ ਗਈ। ਅਰਬ ਤੋਂ ਉੱਠੇ

ਬਲਬਲੇ ਵਾਲੇ ਮੁਸਲਮ ਧਰਮ ਨੇ ਈਰਾਨ ਤੇ ਕਬਜ਼ਾ ਕਰ ਲਿਆ। ਉਥੇ ਦੇ ਲੋਕਾਂ ਨੂੰ ਹੁਕਮ ਜਾਰੀ ਕੀਤਾ ਕਿ ਜਿਸ ਨੇ ਸਰਕਾਰੀ ਨੌਂਕਰੀ ਕਰਨੀ ਹੈ, ਉਸ ਨੂੰ ਅਰਬੀ ਲਿੱਪੀ ਅਤੇ ਬੋਲੀ ਅਤੇ ਇਸਲਾਮ ਗ੍ਰਹਿਣ ਕਰਨਾਂ ਪਵੇਗਾ। ਕੁਦਰਤੀ ਬਹੁਤ ਲੋਕਾਂ ਨੇ ਉਸ ਨੂੰ ਕਬੂਲ ਕਰ ਲਿਆ। ਇਸ ਪ੍ਰਕਾਰ ਉਹਨਾਂ ਨੇ ਆਪਣੇ ਪਿਛੋਕੜ ਨੂੰ ਛੱਡ ਦਿੱਤਾ। **ਈਰਾਨ ਦੇ ਪਿਛੋਕੜ ਦਾ ਪਤਾ ਫਿਰਦੋਸੀ ਦੇ ਸ਼ਾਹਨਾਮੇ ਤੋਂ ਪਤਾ ਲਗਦਾ ਕਿ ਉਹ ਆਪਣੀ ਬੋਲੀ, ਕਲਚਰ, ਧਰਮ, ਰੂਲ, ਅਤੇ Geographia ਪੱਖੋਂ ਕਾਫੀ ਅਮੀਰ ਸੀ।** ਉਸ ਵੇਲੇ ਚੀਨ ਅਤੇ ਤੁਰਕ ਦੀ Empire ਈਰਾਨ ਦੇ Empire ਤੋਂ ਕਾਫੀ ਭੈਅ ਖਾਂਦੀ ਸੀ ਅਤੇ ਭਾਰਤ ਦੇ ਰਾਜੇ ਵੀ ਈਰਾਨ ਨੂੰ ਟੈਕਸ ਭਰਦੇ ਸਨ। ਇਸ ਪ੍ਰਕਾਰ ਅਜਿਹੀ ਵੱਡੀ Empire ਨੂੰ ਅਰਬੀਆਂ ਨੇ ਬਰਬਾਦ ਕਰਕੇ ਰੱਖ ਦਿੱਤਾ। ਬੰਬੇ ਤੋਂ ਛਪੀ ਕਿਤਾਬ **"Ancient Religion of Iran"** ਵਿੱਚ ਦੱਸਿਆ ਹੈ ਕਿ ਕਿਵੇ ਥੋੜੇ ਜਿਹੇ ਹੌਸਲੇਂ ਵਾਲੇ ਪਾਰਸੀ ਲੋਕ ਸਮੁੰਦਰੀ ਰਸਤੇ ਰਾਂਹੀ ਬੰਬੇ ਅਤੇ ਗੁਜਰਾਤ ਵਿੱਚ ਦਾਖਲ਼ ਹੋਏ। ਉਹਨਾਂ ਦੀਆਂ ਔਲਾਦਾ ਅਜੇ ਵੀ ਬੰਬੇ ਅਤੇ ਗੁਜਰਾਤ ਦੇ ਇਲਾਕਿਆਂ ਵਿੱਚ ਰਹਿ ਰਹੀਆਂ ਹਨ ਅਤੇ ਅਜੇ ਵੀ ਉਹਨਾਂ ਨੇ ਆਪਣੇ ਪਿਛੋਕੜ ਨੂੰ ਸੰਭਾਲਿਆ ਹੋਇਆ ਹੈ।

ਪੰਜਾਬੀ ਬੋਲੀ ਦਾ Geographia ਘੱਗਰ ਦਰਿਆ ਤੋਂ ਲੈ ਕੇ ਦਰਿਆ ਸਿੰਧ ਤੱਕ ਹੈ। ਪਰ ਜੇਕਰ ਸ਼ਬਦਾਵਲੀ ਦੇਖੀ ਜਾਵੇ ਤਾਂ ਇਹ ਘੱਗਰ ਦਰਿਆ ਨੂੰ ਟੱਪ ਕੇ ਹਰਿਆਣਾ ਅਤੇ ਰਾਜਸਥਾਨ ਤੱਕ ਹੈ। ਦੂਜੇ ਪਾਸੇ ਇਸ ਦੇ ਚਿੰਨ੍ਹ ਸਿੰਧ ਦੇ ਪਾਰ ਵੀ ਮਿਲਦੇ ਹਨ, ਜਿਸ ਨੂੰ ਹਿੰਦਕੋ ਕਿਹਾ ਜਾਂਦਾ ਹੈ। ਜੇਕਰ ਯਥਾਰਥ ਦੀ ਨਿਗਹਾਂ ਨਾਲ ਦੇਖਿਆ ਜਾਵੇ, ਜੰਮੂ ਅਤੇ ਕਸ਼ਮੀਰ ਦੀ ਪਹਿਲੀ ਭਾਸ਼ਾ ਪੰਜਾਬੀ ਬੋਲੀ ਹੈ। ਜਦ ਕਿ ਕਸ਼ਮੀਰੀ ਥੋੜੇ ਜਿਹੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਇੱਥੋ ਦੀ Official Language ਉਰਦੂ ਹੈ ਕਿਉਂਕਿ ਕਸ਼ਮੀਰ ਵਿੱਚ 67% ਮੁਸਲਮਾਨ ਹਨ। ਇਸ ਕਰਕੇ ਉਹਨਾਂ ਨੇ ਉਰਦੂ ਨੂੰ ਆਪਣੀ ਭਾਸ਼ਾ

ਮੰਨਿਆ ਹੋਇਆ ਹੈ। ਜਦਕਿ ਉੱਥੇ ਉਰਦੂ ਬੋਲਣ ਵਾਲਾ ਨਾ ਕੋਈ ਇਲਾਕਾ ਹੈ ਅਤੇ ਨਾ ਹੀ ਲੋਕ ਬੋਲਦੇ ਹਨ। ਇੱਥੇ ਪੰਜਾਬੀ ਨੂੰ ਦੂਜਾ ਦਰਜ਼ਾ ਤਾਂ ਦਿੱਤਾ ਹੈ ਪਰ ਲਾਗੂ ਨਹੀ ਕੀਤਾ ਹੈ।

ਹਿਮਾਚਲ ਪ੍ਰਦੇਸ ਇੱਕ ਬਹੁ-ਗਿਣਤੀ ਪੰਜਾਬੀ ਭਾਸ਼ੀ ਹੈ ਜਦਕਿ Official Language ਹਿੰਦੀ ਹੈ ਕਿਉਕਿ ਹਿਮਾਚਲ ਵਿੱਚ ਬਹੁ-ਗਿਣਤੀ ਹਿੰਦੂਆਂ ਦੀ ਹੈ। ਹਰਿਆਣਾ ਵਿੱਚ ਸਾਹਿਤ ਅਕੈਡਮੀ ਰਾਹੀਂ ਸਰਵੇ ਕਰਾਇਆ ਗਿਆ ਹੈ ਕਿ ਹਰਿਆਣੇ ਵਿੱਚ ਕਿਤੇ ਵੀ ਹਿੰਦੀ ਨਹੀ ਬੋਲੀ ਜਾਂਦੀ ਹੈ ਜਦਕਿ ਇੱਥੇ ਦੀ ਸਰਕਾਰੀ ਬੋਲੀ ਹਿੰਦੀ ਹੈ। ਇੱਥੇ ਪੰਜਾਬੀ ਬੋਲਣ ਵਾਲਿਆ ਦੀ ਗਿਣਤੀ ਲਗਭਗ 30% ਹੈ। ਇੱਥੇ ਸਿੱਖਾ ਨੂੰ ਛੱਡ ਕੇ ਕੋਈ ਵੀ ਪੰਜਾਬੀ ਭਾਸ਼ਾ ਨਹੀ ਦਰਜ਼ ਕਰਵਾਉਂਦਾ। ਹੁੱਡਾ ਸਰਕਾਰ ਨੇ ਪੰਜਾਬੀ ਨੂੰ ਦੂਜਾ ਦਰਜ਼ਾ ਦਿੱਤਾ। ਦਿੱਲੀ ਵਿੱਚ ਵੀ 50% ਨਾਲੋਂ ਜ਼ਿਆਦਾ ਪੰਜਾਬੀ ਹਨ। ਜਦਕਿ ਇੱਥੇ ਦੀ ਵੀ ਪਹਿਲੀ ਭਾਸ਼ਾ ਹਿੰਦੀ ਹੈ ਕਿਉਕਿ ਇੱਥੇ ਵੀ ਬਹੁ-ਗਿਣਤੀ ਹਿੰਦੂਆ ਦੀ ਹੈ। ਇੱਥੇ ਪੰਜਾਬੀ ਅਤੇ ਉਰਦੂ ਨੂੰ ਦੂਜਾ ਦਰਜਾ ਦਿੱਤਾ ਗਿਆ ਹੈ ਜਦਕਿ ਇੱਥੇ ਉਰਦੂ ਆਟੇ ਵਿੱਚ ਲੂਣ ਦੇ ਬਰਾਬਰ ਹੈ। ਉਰਦੂ ਨੂੰ ਦੂਜਾ ਦਰਜਾ ਦੇਣ ਦਾ ਅਰਥ ਹੈ ਕਿ ਇੱਥੇ ਪੰਜਾਬੀ ਨੂੰ ਨੁਕਸਾਨ ਪਹੁੰਚਾਉਣਾ ਹੈ।

ਸਿੰਗਾਪੁਰ ਵਿੱਚ ਪੰਜਾਬੀ ਦੂਜੀ ਭਾਸ਼ਾ ਹੈ। ਜਦਕਿ Canada ਵਿੱਚ ਇਸਨੂੰ ਤੀਜੇ ਦਰਜੇ ਦੀ ਭਾਸ਼ਾ ਮੰਨਿਆ ਜਾਂਦਾ ਹੈ। ਜਦਕਿ ਬ੍ਰਿਟੇਨ ਵਿੱਚ ਵੀ ਇਸ ਦੀ ਮੰਗ ਉੱਠੀ ਸੀ ਪਰ ਉੱਥੇ ਮੁਸਲਮਾਨਾਂ ਪੰਜਾਬੀਆਂ ਨੇ ਇਸ ਦਾ ਵਿਰੋਧ ਕੀਤਾ। ਇਸ ਪ੍ਰਕਾਰ ਪੰਜਾਬੀ ਨੂੰ ਦਰਜ਼ਾ ਮਿਲਦਾ-ਮਿਲਦਾ ਰੁੱਕ ਗਿਆ।

ਪਾਕਿਸਤਾਨ ਵਿੱਚ ਪੰਜਾਬੀ, ਇਕ ਲਿਖਾਰੀ ਅਨੁਸਾਰ ਪੰਜਾਬੀ ਲਗਭਗ 70% ਹਨ। ਪਰ National ਬੋਲੀ ਉਰਦੂ ਮੰਨ ਲਈ ਗਈ

ਹੈ। ਜਦਕਿ ਹੱਕ ਬਹੁ-ਗਿਣਤੀ ਪੰਜਾਬੀ ਦਾ ਸੀ। ਇਹ ਸਰਾ-ਸਰ ਧੱਕਾ ਹੈ ਕਿ ਪੰਜਾਬ ਵਿੱਚ ਪੰਜਾਬੀਆਂ ਦੀ ਗਿਣਤੀ 100 ਫੀਸਦੀ ਦੇ ਨੇੜੇ ਹੈ। ਜਦਕਿ ਉਥੇ ਦੀ ਸਰਕਾਰੀ ਬੋਲੀ ਉਰਦੂ ਹੈ। ਇਸ ਸਮੇਂ ਪੰਜਾਬ ਵਿੱਚ ਪਾਕਿਸਤਾਨੀ ਲੋਕਾਂ ਦਾ ਹੀ ਰਾਜ ਹੈ ਨਾ ਕਿ ਅੰਗਰੇਜ਼ਾ ਦਾ, ਕਿ ਇਹ ਬਹਾਨਾ ਨਾ ਬਣਾਇਆ ਜਾਵੇ ਕਿ ਪਾਕਿਸਤਾਨ ਅੰਗਰੇਜ਼ਾ ਦੀ ਬਸਤੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਪਾਕਿਸਤਾਨੀ ਪੰਜਾਬੀ, ਪੰਜਾਬੀ ਤੋਂ ਨਫਰਤ ਕਰਦੇ ਹਨ। ਉਹ ਪੰਜਾਬੀ ਬੋਲਦੇ ਤਾਂ ਹਨ ਪਰ ਇਸ ਨੂੰ Official ਦਰਜ਼ਾ ਨਹੀ ਦਿੰਦੇ ਹਨ। ਇਸ ਪ੍ਰਕਾਰ ਕਿੰਨਾ ਵੱਡਾ ਦਵੰਦ ਹੈ। **ਪਾਕਿਸਤਾਨ ਦੇ ਕੁਝ ਲਿਖਾਰੀ ਅਰਬੀ ਲਿੱਪੀ ਵਿੱਚ ਪੰਜਾਬੀ ਲਿਖਦੇ ਹਨ ਅਤੇ ਭਾਰਤ ਵਿੱਚ ਆ ਕੇ ਭਾਂਤ-ਭਾਂਤ ਦੇ ਬਿਆਨ ਦਿੰਦੇ ਹਨ। ਜਿਵੇਂ ਖੜੀ ਬੋਲੀ ਤੋਂ ਅਰਬੀ ਲਿੱਪੀ ਵਿੱਚ ਲਿਖ ਕੇ ਉਰਦੂ ਬਣਿਆ ਹੈ ਉਸੇ ਤਰਾਂ ਦੇਵਨਾਗਰੀ ਵਿੱਚ ਲਿਖ ਕੇ ਹਿੰਦੀ ਬਣ ਗਈ ਹੈ। ਇਸ ਪ੍ਰਕਾਰ ਪੰਜਾਬੀ ਦਾ ਵੀ ਇਹੀ ਹਾਲ ਕਰਨਗੇ। ਭਾਸ਼ਾ ਵਿਗਿਆਨ ਤੌਰ ਤੇ ਕਿਸੇ ਬੋਲੀ ਨੂੰ ਲਿਖਣ ਲਈ ਅੱਖਰਾਂ ਦੀ ਲੋੜ ਹੁੰਦੀ ਹੈ। ਉਹ ਅੱਖਰ ਜਿਹੜੇ ਭਾਸ਼ਾ ਨੂੰ ਸਹੀ-ਸਹੀ ਲਿਖ ਸਕਦੇ ਹੋਣ ਅਤੇ ਉਸਦੇ ਵਿੱਚ ਭਾਸ਼ਾ ਲਿੱਪੀ ਜਾ ਸਕੇ। ਅਰਬੀ ਲਿੱਪੀ ਪੰਜਾਬੀ ਦੀਆਂ ਸਿਰਫ 10 ਧੁਨੀਆਂ ਹੀ ਪ੍ਰਗਟ ਕਰ ਸਕਦੀਆਂ ਹਨ ਅਤੇ ਬਾਕੀ ਨਹੀ।**

ਪਾਨਿਨੀ ਵਿਆਕਰਣ ਵਿੱਚ ਸੰਸਕ੍ਰਿਤ ਦੀਆਂ 43 ਧੁਨੀਆਂ ਮੰਨੀਆਂ ਗਈਆਂ ਹਨ। **ਦੇਵਨਾਗਰੀ ਤੋਂ ਪਹਿਲਾ ਸੰਸਕ੍ਰਿਤ ਕਿਸ ਲਿਪੀ ਵਿੱਚ ਲਿਖੀ ਜਾਂਦੀ ਸੀ ਇਸ ਦਾ ਕੋਈ ਪੱਕਾ ਸਬੂਤ ਨਹੀ ਮਿਲਦਾ ਹੈ।** ਭਾਰਤ ਦੀਆਂ Archaeology Inscriptions ਤੋਂ ਪਤਾ ਲਗਦਾ ਹੈ ਕਿ ਸੰਸਕ੍ਰਿਤ ਵੱਖੋ-ਵੱਖਰੀਆਂ ਲਿੱਪੀਆਂ ਵਿੱਚ ਲਿਖੀ ਜਾਂਦੀ ਰਹੀ ਹੈ। ਭਾਰਤ ਵਿੱਚ ਜਿਹੜੀਆਂ ਹਿੰਦੂਆਂ ਦੁਆਰਾ ਲਹਿਰਾਂ ਚਲਾਈਆਂ ਗਈਆ ਹਨ, ਉਸ ਕਰਕੇ ਸੰਸਕ੍ਰਿਤ ਦੇਵਨਾਗਰੀ ਵਿੱਚ ਲਿਖਣੀ ਸ਼ੁਰੂ

ਕਰ ਦਿੱਤੀ। ਹਿੰਦੀ ਦੀ ਆਪਣੀ ਲਿੱਪੀ ਨਾ ਹੋਣ ਕਰਕੇ ਇਸ ਨੇ ਦੇਵ ਨਾਗਰੀ ਨੂੰ ਅਪਣਾ ਲਿਆ। ਪਰ ਫਿਰ ਵੀ ਇਹ ਹਿੰਦੀ ਨੂੰ ਲਿਖਣ ਲਈ ਅਸਮਰੱਥ ਦੇਵਨਾਗਰੀ ਦੇ ਅੱਖਰਾਂ ਉੱਤੇ ਅਤੇ ਅੱਖਰਾਂ ਨਾਲ ਚਿੰਨ੍ਹਾਂ ਨੂੰ ਲਗਾ ਕੇ ਬੁੱਤਾ ਸਾਰਿਆ ਜਾਂਦਾ ਹੈ। ਪੰਜਾਬੀ ਨੂੰ ਪ੍ਰਚਲਿਤ ਕਰਨ ਲਈ ਪੰਜਾਬੀ ਦੀ ਲਿੱਪੀ ਗੁਰਮੁਖੀ ਲਿੱਪੀ ਨੂੰ ਪ੍ਰਸਿੱਧ ਕਰਨ ਦੀ ਲੋੜ ਹੈ। ਜੇਕਰ ਅਸੀ ਅੰਗਰੇਜੀ ਸ਼ਬਦਾਵਲੀ ਦੇਖੀਏ ਤਾਂ ਇਹ 10 ਲੱਖ ਤੋਂ ਉੱਪਰ ਹੈ। ਇਸ ਕਰਕੇ ਪੰਜਾਬੀ ਦੀ ਕੋਸ਼ਕਾਰੀ ਦੇ ਕੰਮ ਤੇ ਜ਼ੋਰ ਦੇਣ ਦੀ ਜ਼ਰੂਰਤ ਹੈ। ਜਿਹੜੇ ਮਾਂ ਬੋਲੀ ਪੰਜਾਬੀ ਦੇ ਪੁੱਤਰ ਕਪੁੱਤਰ ਬਣ ਚੁੱਕੇ ਹਨ, ਉਹਨਾਂ ਨੂੰ ਸਮਝਾਉਣ ਦੀ ਲੋੜ ਹੈ। ਸੰਸਾਰ ਵਿੱਚ ਪੰਜਾਬੀ ਬੋਲਣ ਵਾਲਿਆ ਦੀ ਗਿਣਤੀ ਲਗਭਗ 15 ਕਰੋੜ ਤੋਂ ਉੱਪਰ ਹੈ।

T.W Rishi ਦੁਆਰਾ ਲਿਖੀ ਗਈ ਤਿੰਨ ਭਾਸ਼ਾਈ ਡਿਕਸ਼ਨਰੀ ਅੰਗਰੇਜੀ, ਰੂਮਾਨੀ ਅਤੇ ਪੰਜਾਬੀ, ਵਿੱਚ ਦੱਸਿਆ ਹੈ ਕਿ **ਯੂਰਪੀ ਜਿਪਸੀ ਲੋਕਾਂ ਦਾ ਪਿਛੋਕੜ ਪੰਜਾਬੀ ਹੈ।** ਦੂਜੀਆਂ ਭਾਸ਼ਾਵਾ ਦੇ ਪ੍ਰਭਾਵ ਕਰਕੇ ਉਹਨਾਂ ਦੇ Phonetics ਤੇ ਪ੍ਰਭਾਵ ਪੈ ਗਿਆ। ਸਾਨੂੰ ਸਾਰੇ ਦੇਸੀ ਅਤੇ ਵਿਦੇਸ਼ੀ ਪੰਜਾਬੀਆਂ ਨੂੰ ਮਿਲਕੇ ਹੰਭਲਾ ਮਾਰਨ ਦੀ ਲੋੜ ਹੈ। ਉਹਨਾਂ ਨੂੰ ਇਕੱਠੇ ਕਰਨ ਦੀ ਵੀ ਲੋੜ ਹੈ ਤਾਂ ਕਿ ਉਹ ਆਪਣੇ ਪਿਛੋਕੜ ਨਾਲ ਜੁੜੇ ਰਹਿਣ। ਅੰਗਰੇਜ਼ੀ ਬਸਤੀਬਾਦ ਦਾ ਪੰਜਾਬ, ਪੰਜਾਬੀਆ ਦਾ ਧੁਰਾ ਹੈ। ਜੇ ਅਸੀਂ ਇਸ ਧੁਰੇ ਤੋਂ ਟੁੱਟ ਗਏ ਤਾਂ ਪੰਜਾਬੀ ਦਾ ਹਾਲ Latin, Hebrew, Old Parsies ਅਤੇ ਸੰਸਕ੍ਰਿਤ ਵਾਲਾ ਹੋਵੇਗਾ।

# ਦੇਸੀ ਬੋਲੀਆਂ ਬਾਰੇ ਵਿਦਵਾਨਾਂ ਦਾ ਦਵੰਦ

ਇੰਡੀਅਨ ਸਬ ਕੰਟੀਨੈਂਟ ਦੀਆਂ ਦੇਸੀ ਬੋਲੀਆਂ ਨੂੰ ਸੰਸਕ੍ਰਿਤ ਵਿਦਵਾਨਾ ਨੇ ਪ੍ਰਾਕ੍ਰਿਤ ਕਿਹਾ। ਜਿਸ ਦਾ ਅਰਥ ਹੈ ਕੁਦਰਤੀ ਬੋਲੀਆਂ। ਗਰੈਮੇਰੀਅਨ **ਪਾਣਿਨੀ ਨੇ ਅਸ਼ਟਅਧਿਆਇ** ਵਿੱਚ ਇਹਨਾਂ ਦਾ ਵੱਖਰਾ ਅਧਿਆਇ ਦਿੱਤਾ ਹੈ। ਜਿਸ ਨੂੰ **ਉਣਾਧੀ ਅਧਿਆਇ** ਕਹਿੰਦੇ ਹਨ। ਪ੍ਰਾਕ੍ਰਿਤ ਬੋਲੀਆਂ ਉੱਤੇ ਕਈ ਵਿਦਵਾਨਾ ਨੇ ਕੰਮ ਕੀਤਾ ਹੈ। ਇਹਨਾਂ ਪ੍ਰਾਕ੍ਰਿਤ ਕਹੀਆ ਜਾਂਦੀਆ ਬੋਲੀਆ ਵਿੱਚ ਬਹੁਤ ਸਾਰੇ ਵਿਦਵਾਨਾਂ ਨੇ ਸਹਿਤ ਰਚਨਾ ਕੀਤੀ। ਕਈ ਵਿਦਵਾਨਾ ਨੇ ਸੋਚਿਆ ਕਿ ਇਹਨਾਂ ਬੋਲੀਆ ਦਾ ਕੋਈ ਨੇਮ (ਨਿਯਮ) ਲੱਭਿਆ ਜਾਵੇ। ਇਸ ਨੂੰ ਕਲਮਬੰਦ ਕੀਤਾ ਜਾਵੇ ਤਾਂ ਕਿ ਇਸ ਭਾਸ਼ਾ ਨੂੰ ਜਾਣਨ ਵਾਲੇ ਅਭਿਲਾਖੀਆਂ ਨੂੰ ਸਮਝਣ ਵਿੱਚ ਸੁਖਆਈ ਹੋਵੇ। ਅਜਿਹੇ ਵਿਦਵਾਨਾ ਨੂੰ ਗਰੈਮੇਰੀਅਨ ਕਿਹਾ ਜਾਂਦਾ ਹੈ। ਪ੍ਰਾਕ੍ਰਿਤ ਗਰੈਮਰੀਅਨਾਂ ਵਿੱਚੋਂ **ਵਰਰੁੱਚੀ** ਬਹੁਤ ਪੁਰਾਣਾ ਵਿਦਵਾਨ ਹੈ। ਉਸ ਪਿੱਛੋਂ ਹੋਰ ਕਈ ਪ੍ਰਾਕ੍ਰਿਤ ਵਿਦਵਾਨ ਹੋਏ ਹਨ। ਜਿਹਨਾਂ ਵਿੱਚੋਂ **ਅਚਾਰਿਆ ਹੇਮਚੰਦਰ ਜੈਨ**, ਉਹਨਾਂ ਨੇ 6 ਪ੍ਰਾਕ੍ਰਿਤਾ ਤੇ ਕੰਮ ਕੀਤਾ ਜਿਸ ਦਾ ਨਾਂ **ਪ੍ਰਾਕ੍ਰਿਤ ਵਿਆਕਰਨ** ਹੈ।

**ਅਚਾਰਿਆ ਹੇਮਚੰਦਰ** ਦਾ ਜਨਮ 1088 ਈ: ਮੰਨਿਆ ਜਾਂਦਾ ਹੈ। ਉਸਦੇ ਅਨੁਸਾਰ ਪ੍ਰਾਕ੍ਰਿਤ ਬੋਲੀਆ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

**ਪਾਲੀ, ਜੈਨ ਪ੍ਰਾਕ੍ਰਿਤ (ਅਰਧ-ਮਾਗਧੀ), ਸੁਰਸੇਨੀ, ਅਪਭਰੰਸ਼, ਪਸ਼ਾਚਾ ਅਤੇ ਚੂਲੀਕਾ ਪਸ਼ਾਚਾ ਆਦਿ**। ਜਿਸ ਨੂੰ ਅਚਾਰਿਆ ਹੇਮਚੰਦਰ ਨੇ ਅਪਭਰੰਸ਼ ਕਿਹਾ ਹੈ। ਜਿਹੜਾ ਵੇਰਵਾ ਅਚਾਰਿਆ ਹੇਮਚੰਦਰ ਨੇ ਆਪਣੀ

ਗਰੈਮਰ ਵਿੱਚ ਦਿੱਤਾ ਹੈ, ਉਹ ਸਾਰੀਆ ਬੋਲੀਆ **Single Gender** ਕ੍ਰਿਆਵਾਂ ਅਪਭਰੰਸ਼ ਹਨ। ਅਤੇ ਜਿਹੜੀਆ ਦੂਜੀਆਂ ਭਾਸ਼ਾਂਵਾ ਦੀ ਗੱਲ ਕੀਤੀ ਹੈ ਉਹ ਵੀ Single Gender ਕ੍ਰਿਆਂਵਾ ਵਾਲੀਆ ਬੋਲੀਆਂ ਹਨ। ਜਿਹਨਾਂ ਬੋਲੀਆਂ ਨੂੰ ਉਪਰੋਕਤ ਗਰੈਮਰ ਵਿੱਚ ਦੱਸਿਆ ਹੈ, ਉਹਨਾਂ ਦੀ ਪਛਾਣ ਕਰਨੀ ਬਹੁਤ ਔਖੀ ਹੈ ਕਿ ਇਹਨਾਂ ਬੋਲੀਆਂ ਨੂੰ ਬੋਲਣ ਵਾਲੇ ਲੋਕ ਕਿਹੜੇ-ਕਿਹੜੇ ਇਲਾਕਿਆਂ ਵਿੱਚ ਰਹਿੰਦੇ ਸਨ। ਕਿ ਉਹ ਬੋਲੀਆ ਹੁਣ ਵੀ ਪ੍ਰਸੰਗਿਕ ਹਨ? ਅੱਜ ਦੇ ਸਮੇਂ ਵਿੱਚ Modern ਕਹੀਂਆ ਜਾਂਦੀਆ ਬੋਲੀਆ ਵਿੱਚ ਪ੍ਰਾਕ੍ਰਿਤਾਂ Single Gender ਕ੍ਰਿਆ ਦਾ ਰੂਪ ਹੀ ਮਿਲਦਾ ਹੈ। ਜਿਵੇਂ ਉੜੀਆ, ਬੰਗਲਾ, ਬਿਹਾਰੀ ਬੋਲੀਆ, ਯੂ.ਪੀ ਦੀਆ ਬੋਲੀਆ, ਕਸ਼ਮੀਰੀ ਆਦਿ, ਦੀ ਜਦੋਂ ਅਸੀ ਇਹਨਾਂ ਦੀ ਪਛਾਣ ਕਰਦੇ ਹਾਂ, ਉਹ ਪ੍ਰਾਕ੍ਰਿਤਾਂ ਜਿਹੜੀਆ ਅਚਾਰਿਆ ਜੀ ਨੇ ਕਹੀਆ ਹਨ, ਨੂੰ ਅਚਾਰਿਆ ਜੀ ਨੇ ਸੰਸਕ੍ਰਿਤ ਵਿੱਚੋਂ ਦੇਖਣ ਦੀ ਕੋਸ਼ਿਸ਼ ਕੀਤੀ ਹੈ। **ਜਦਕਿ ਜਰਮਨ ਵਿਦਵਾਨ ਪਿਸ਼ਲ ਨੇ ਪ੍ਰਾਕ੍ਰਿਤ ਵਿਆਕਰਨ ਲਿਖਿਆ ਹੈ ਉਹਨੇ ਬਹੁਤ ਸਾਰੇ ਸ਼ਬਦਾ ਦੀ ਉੱਤਪਤੀ ਨੂੰ ਵੇਦਾਂ ਨਾਲ ਜੋੜਨ ਦੀ ਕੋਸ਼ਿਸ ਕੀਤੀ ਹੈ।**

**George Abrahm Grierson** ਨੇ **"The Pisacha Language of North Western India"** ਕਿਤਾਬ ਲਿਖੀ। ਇਸ ਦਾ ਇਲਾਕਾ ਅੱਜ ਪਾਕਿਸਤਾਨ ਵਿੱਚ ਪੈਂਦਾ ਹੈ। ਅੱਜ ਕੱਲ ਇਸ ਬੋਲੀ ਨੂੰ ਪਸਾਈ ਕਿਹਾ ਜਾਂਦਾ ਹੈ। ਇਹਦੇ ਵਿੱਚ ਉਸ ਨੇ ਪਸਾਚੀ ਦੇ ਨੇਮ ਦੱਸੇ ਹਨ। ਉਹ ਪਸਾਚੀ ਨੂੰ ਆਰੀਆ ਦਾ ਤੀਜਾ ਗਰੁੱਪ ਮੰਨਦਾ ਹੈ। ਜਿਸ ਵਿੱਚ ਉਸ ਨੇ **'ਜ਼ੰਦਅਵੇਸਦਾਂ'** ਦੀ ਬੋਲੀ ਦੀਆਂ ਧੁਨੀਆਂ ਵੀ ਦਿੱਤੀਆਂ ਹਨ। ਪਸਾਚੀ ਬੋਲੀ ਵਿੱਚ ਕਈ ਬੋਲੀਆ ਦੀ ਮਿਲਾਵਟ ਦਿਖਾਈ ਗਈ ਹੈ। ਜਿਹਨਾਂ ਵਿੱਚੋਂ ਸ਼ਾਹਬਾਜ਼ਗੜੀ ਦੀ ਸਿਲਾਲੇਖ (Inscription), ਜਿਹੜੀ ਕਿ ਅਸ਼ੋਕ

ਸਮਰਾਟ ਦੀ ਉਕਰਾਈ ਹੋਈ ਹੈ, ਵਿੱਚ ਕਈ ਸ਼ਬਦ ਪੰਜਾਬੀ ਦੇ ਮਿਲਦੇ ਹਨ, ਜਿਵੇਂ ਅੱਠ (Eight), ਡਿਉਡਾ (One and Half), ਧੀ (Daughter), ਅਤੇ ਪੁੱਛ (ask) ਆਦਿ।

ਇਸ ਤੋਂ ਇਲਾਵਾ ਪਾਲੀ ਦੀ ਗਿਣਤੀ ਸੱਤ, ਅੱਠ, ਨੌਂ, ਅਤੇ ਦੱਸ ਆਦਿ ਵੀ ਅੱਖਰ ਮਿਲਦੇ ਹਨ। ਪਾਲੀ ਦੇ ਕਈ ਧਾਤੂ ਵੀ ਪੰਜਾਬੀ ਦੇ ਧਾਤੂਆਂ ਨਾਲ ਮੇਲ ਖਾਂਦੇ ਹਨ ਅਤੇ ਜੈਨ ਪ੍ਰਾਕ੍ਰਿਤਾਂ ਨਾਲ ਵੀ ਮੇਲ ਖਾਂਦੇ ਹਨ। ਜਿਹਨਾਂ ਅਪਭਰੰਸ਼ਾਂ ਦਾ ਜ਼ਿਕਰ ਕੀਤਾ ਹੈ ਉਹਨਾਂ ਵਿੱਚ ਵੀ ਪੰਜਾਬੀ ਦੇ ਗਿਣਤੀ ਦੇ ਉਚਾਰਨਾਂ ਦਾ ਵੇਰਵਾ ਮਿਲਦਾ ਹੈ। ਇਹਦੇ ਲਈ ਪ੍ਰਾਕ੍ਰਿਤ ਭਾਸ਼ਾ ਦੀ **Dictionary** ਦੇਖ ਸਕਦੇ ਹਾਂ। ਪਰ ਉਪਰੋਕਤ ਭਾਸ਼ਾਵਾਂ ਦੇ ਰੂਪ **Gramatically** ਪੰਜਾਬੀ ਰੂਪਾਂ ਨਾਲ ਮੇਲ ਨਹੀ ਖਾਂਦੇ ਹਨ। **ਵਿਦਵਾਨਾਂ ਦੁਆਰਾ ਮੰਨਿਆ ਜਾਂਦਾ ਹੈ ਕਿ ਰਿਗਵੇਦ ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ, ਦੇ ਵਿੱਚ ਵੀ ਪੰਜਾਬੀ ਦੇ ਸ਼ਬਦ ਮਿਲਦੇ ਹਨ। ਰਿਗਵੇਦ ਦੀ ਭਾਸ਼ਾ ਨੂੰ ਆਰੀਆ ਦੀ ਭਾਸ਼ਾ ਮੰਨੀ ਜਾਂਦੀ ਹੈ ਅਤੇ ਜ਼ੰਦਅਵੇਸਦਾਂ ਦੀ ਭਾਸ਼ਾ ਨੂੰ ਵੀ ਆਰੀਆ** ਮੰਨਿਆ ਜਾਂਦਾ ਹੈ।ਪਾਰਸੀ ਵਿਦਵਾਨ ਖਬਰਦਾਰ ਨੇ ਆਪਣੀ ਕਿਤਾਬ ਆਹੁਨਵਤੀ ਵਿੱਚ ਜ਼ੰਦਅਵੇਸਦਾ ਦੀ ਭਾਸ਼ਾ ਅਤੇ ਸੰਸਕ੍ਰਿਤ ਭਾਸ਼ਾ ਦੀ ਤੁਲਨਾ ਕੀਤੀ ਹੈ ਅਤੇ ਦੱਸਿਆ ਹੈ ਕਿ **ਸੰਸਕ੍ਰਿਤ ਅਤੇ "ਜ਼ੰਦਅਵੇਸਦਾ" ਭਾਸ਼ਾ ਦੀ Phonology ਬਹੁਤ ਹੀ ਨੇੜੇ ਹੈ ਅਤੇ Gramatically ਬਹੁਤ ਨੇੜੇ ਹੈ। ਜਿਵੇਂ ਇਹਨਾਂ ਵਿੱਚ ਤਿੰਨ Number, ਤਿੰਨ Gender ਅਤੇ ਕ੍ਰਿਆਵਾ ਆਪਸ ਵਿੱਚ ਮੇਲ ਖਾਂਦੇ ਹਨ।** "ਜ਼ੰਦਅਵੇਸਦਾ" ਦੀ ਭਾਸ਼ਾ ਵੀ ਆਰੀਆ ਮੰਨੀ ਜਾਂਦੀ ਹੈ ਅਤੇ ਆਰੀਆ ਦਾ ਮੂਲ ਸਥਾਨ ਈਰਾਨ ਨੂੰ ਮੰਨਿਆ ਜਾ ਸਕਦਾ ਹੈ ਕਿਉਕਿ ਭਾਸ਼ਾ ਦੀ ਦ੍ਰਿਸ਼ਟੀ ਨਾਲ ਮੇਲ ਖਾਂਦਾ ਹੈ। ਭਾਰਤ ਵਿੱਚ ਕੁਝ ਹਿੰਦੂ ਵਿਦਵਾਨਾ ਨੇ ਦੱਸਣ ਦੀ ਕੋਸ਼ਿਸ ਕੀਤੀ ਹੈ ਕਿ ਇਹਨਾਂ

ਆਰੀਆ ਦਾ ਮੂਲ ਸਥਾਨ ਸਪਤ ਸਿੰਧੂ ਜਾਂ ਪੰਜਾਬ ਹੈ ਅਤੇ ਇਥੋ ਹੀ ਆਰੀਆ ਨਸਲ ਦੇ ਲੋਕ ਬਾਹਰ ਗਏ ਹਨ ਅਤੇ ਫਿਰ ਵਾਪਸ ਆ ਗਏ ਹਨ। ਅੱਜ ਸੰਸਕ੍ਰਿਤ ਆਰੀਆ ਭਾਸ਼ਾ ਬੋਲਣ ਵਾਲਿਆ ਦੀ ਸਬ-ਕੰਟੈਨੈਂਟ ਵਿੱਚ ਕੋਈ ਥਾਂ ਨਹੀ ਹੈ ਤੇ ਨਾਂ ਹੀ ਬੋਲੀ ਜਾਂਦੀ ਹੈ। ਇਸੇ ਤਰਾਂ ਪਾਲੀ ਵੀ ਕੀਤੇ ਨਹੀ ਬੋਲੀ ਜਾਂਦੀ ਹੈ। ਅਸ਼ੋਕ ਵੇਲੇ ਸਰਕਾਰੀ ਬੋਲੀ ਹੋਣ ਕਰਕੇ ਇਸ ਦਾ ਫੈਲਾਅ ਦੂਰ -ਦੂਰ ਤੱਕ ਹੋਇਆ ਅਤੇ ਬੁੱਧ ਧਰਮ ਦਾ ਫੈਲਾਅ ਵੀ ਦੂਰ ਤੱਕ ਹੋਇਆ। ਇਤਿਹਾਸ ਵਿੱਚੋਂ ਸਾਨੂੰ ਪਤਾ ਚੱਲਦਾ ਹੈ ਕਿ ਜਦੋਂ ਅਸ਼ੋਕ ਦੇ ਪੋਤਰੇ ਦਾ ਕਤਲ ਹੋਇਆ, ਜੋ ਕਿ ਪਤਾ ਲੱਗਿਆ ਉਸਦੇ ਕਮਾਂਡਰ ਨੇ ਹੀ ਕਤਲ ਕੀਤਾ ਸੀ। ਜਿਸ ਨੇ ਆਪਣੇ ਖਾਨਦਾਨ ਦਾ ਨਾਂ ਸ਼ੁੰਗ ਦੱਸਿਆ। ਉਸ ਨੇ ਬੁੱਧ ਧਰਮ ਅਤੇ ਪਾਲੀ ਭਾਸ਼ਾ ਨੂੰ ਆਪਣੇ ਰਾਜ ਵਿੱਚ ਸਰਕਾਰੀ ਨਹੀ ਰਹਿਣ ਦਿੱਤਾ ਅਤੇ ਉਸਦੀ ਥਾਂ ਸੰਸਕ੍ਰਿਤ ਨੂੰ ਸਰਕਾਰੀ ਬੋਲੀ ਬਣਾ ਦਿੱਤਾ।

ਪੰਜਾਬ ਦੇ ਉਦੰਬਰਾਂ ਨੇ ਮੱਗਧ ਸਾਮਰਾਜ ਦੇ ਖਿਲਾਫ ਬਗਾਬਤ ਕਰ ਦਿੱਤੀ ਅਤੇ ਆਪਣਾ ਰਾਜ ਸਥਾਪਤ ਕਰ ਦਿੱਤਾ। ਉਦੰਬਰਾਂ ਦੇ ਸਿੱਕੇ ਖਰੋਸ਼ਟੀ ਲਿੱਪੀ ਵਿੱਚ ਮਿਲਦੇ ਹਨ। ਇਹ ਲਿੱਪੀ ਅਸ਼ੋਕ ਵੇਲੇ ਪੰਜਾਬ ਵਿੱਚ ਚੱਲਦੀ ਰਹੀ। ਉਪਰੋਕਤ ਘਟਨਾਵਾਂ ਦਾ ਵਰਣਨ ਡਾ. ਸ਼ਰਨ ਨੇ ਆਪਣੀ ਕਿਤਾਬ **The Punjab Tribe and Coinages** ਵਿੱਚ ਇਸ ਦਾ ਵੇਰਵਾ ਦਿੱਤਾ ਹੈ। ਉਦੰਬਰਾਂ ਨੇ ਆਪਣੇ, ਜਿਸ ਧਰਮ ਨੂੰ ਮੰਨਦੇ ਸਨ, ਨੂੰ ਹੀ ਤਰਜੀਹ ਦਿੱਤੀ ਜਿਵੇਂ ਉਹਨਾਂ ਦੇ ਚਿੰਨ੍ਹ ਤ੍ਰਿਸ਼ੂਲ, ਪਿੱਪਲ ਆਦਿ ਆਪਣੇ ਸਿੱਕਿਆ ਵਿੱਚ ਵਰਤੇ ਹਨ। ਸੁਮੇਰੀਅਨ ਦੇ ਇਲਾਕੇ ਵਿੱਚ ਜੋ ਕਿ ਅੱਜ ਕੱਲ ਇਰਾਕ ਵਿੱਚ ਪੈਂਦਾ ਹੈ, ਵਿੱਚ **Archaeology** ਵਾਲਿਆ ਨੇ ਖੋਜ ਕੀਤੀ ਹੈ ਕਿ ਉੱਥੇ ਜਿਹੜੀ ਭਾਸ਼ਾਂ ਬੋਲੀ ਜਾਂਦੀ ਸੀ, ਉਸ ਦੀਆਂ ਲਿਖਤਾਂ ਪੜੀਆ

ਗਈਆ ਹਨ ਜੋ ਕਿ ਰਿਗਵੇਦ ਤੋਂ ਕਾਫੀ ਪੁਰਾਣੀਆਂ ਹਨ। ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਆਰੀਆ ਲੋਕਾਂ ਦੁਆਰਾ ਸਥਾਪਤ ਕੀਤੀ ਇਹ ਥਿਊਰੀ ਕਿ ਰਿਗਵੇਦ ਜੋ ਕਿ ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ ਦਾ ਖੰਡਨ ਹੋ ਜਾਂਦਾ ਹੈ।

ਜੇ **ਆਰੀਆ ਨੂੰ ਈਰਾਨ ਦਾ Origin ਮੰਨ ਲਿਆ ਜਾਵੇ** ਤਾਂ **ਸੰਸਕ੍ਰਿਤ** ਵਿੱਚ ਜਿਹੜੀਆ **ਧੁਨੀਆਂ ਟ-ਵਰਗ (ਟ ਠ ਡ ਢ ਣ )** ਦੀਆਂ ਲਈਆਂ ਗਈਆਂ ਹਨ, ਉਹ ਈਰਾਨੀ ਭਾਸ਼ਾ ਵਿੱਚ ਨਹੀ ਹਨ ਜੋ ਕਿ ਪੰਜਾਬੀ ਵਿੱਚ ਅੱਜ ਵੀ ਪ੍ਰਚਲਿਤ ਹਨ।

**ਪ੍ਰਦੇਸੀ ਵਿਦਵਾਨਾ ਦੇ ਦੇਸੀ ਬੋਲੀਆਂ ਬਾਰੇ ਵਿਚਾਰ : An Essay On Antiquity of India** ਦੇ ਅਨੁਸਾਰ ਆਰੀਆ ਲੋਕ ਜਦੋਂ ਇੰਡੀਆ ਵਿੱਚ ਦਾਖਲ ਹੋਏ ਜੋ ਕਿ ਗਿਣਤੀ ਵਿੱਚ ਬਹੁਤ ਘੱਟ ਸੀ। ਜਦਕਿ ਪਹਿਲੇ ਵਸਦੇ ਵਸ਼ਿੰਦੇ ਬਹੁ-ਗਿਣਤੀ ਵਿੱਚ ਸਨ। ਇਹਨਾਂ ਦੀ ਨਸਲ ਅਨ-ਆਰੀਆ ਸੀ। ਆਰੀਆ ਤੋਂ ਬਾਅਦ ਵਿੱਚ ਆਉਣ ਵਾਲੀਆਂ ਨਸਲਾਂ ਵੀ ਬਹੁਤ ਘੱਟ ਗਿਣਤੀ ਵਿੱਚ ਸਨ। ਪਿੱਛੋਂ ਆਉਣ ਵਾਲੀਆਂ ਨਸਲਾਂ ਦੀਆਂ ਭਾਸ਼ਵਾਂ ਨੂੰ ਅਸੀਂ ਇਹ ਨਹੀ ਕਹਿੰਦੇ ਕਿ ਉਹਨਾਂ ਦੀਆਂ ਭਾਸ਼ਾਵਾਂ ਦੇਸੀ ਲੋਕਾ ਤੇ ਭਾਰੂ ਨਹੀ ਹੋਈਆਂ। ਜਦਕਿ ਸੰਸਕ੍ਰਿਤ ਹਾਮੀਆਂ ਨੇ ਇਹ ਕਿਹਾ ਕਿ ਸੰਸਕ੍ਰਿਤ ਭਾਰੂ ਭਾਸ਼ਾ ਹੈ। ਇਹਨਾਂ ਵਿੱਚੋਂ ਆਧੁਨਿਕ ਅਤੇ ਪ੍ਰਾਕ੍ਰਿਤ ਬੋਲੀਆ ਪੈਦਾ ਹੋਈਆ ਹਨ। ਇਹਦੇ ਵਿੱਚ ਕਿੰਨਾ ਵੱਡਾ ਦਵੰਦ ਹੈ ਭਾਵ ਵਿਰੋਧਭਾਸ ਹੈ। ਸਭ ਤੋ ਮਗਰੋ ਆਉਣ ਵਾਲੀ ਨਸਲ ਅੰਗਰੇਜ਼ੀ ਨਸਲ ਸੀ। ਜਿਹੜੀ ਕਿ ਇੱਥੇ ਦੇ ਰਾਜਿਆ ਨੂੰ ਹਰਾ ਕੇ ਭਾਰੂ ਹੋ ਗਈ। ਪਰ ਉਹਨਾਂ ਦੀ ਭਾਸ਼ਾ ਅੰਗਰੇਜ਼ੀ ਵਿੱਚੋਂ ਕੋਈ ਵੀ ਭਾਰਤੀ ਸਬ-ਕੰਟੀਨੈਂਟ (**Sub-Continent**) ਦੀ ਭਾਸ਼ਾ ਨਹੀ ਨਿਕਲੀ। ਸਾਡੇ ਸੰਵਿਧਾਨ ਵਿੱਚ ਅੰਗਰੇਜ਼ੀ ਨੂੰ ਰਾਸ਼ਟਰੀ ਭਾਸ਼ਾ ਨਹੀ ਮੰਨਿਆ ਗਿਆ

ਜਦਕਿ ਸੰਸਕ੍ਰਿਤ ਨੂੰ ਮੰਨ ਲਿਆ ਗਿਆ ਹੈ। ਨਾ ਤਾਂ ਅੰਗਰੇਜ਼ੀ ਇੱਥੋ ਦੇ ਲੋਕਾ ਦੀ ਬੋਲੀ ਹੈ ਅਤੇ ਨਾ ਹੀ ਸੰਸਕ੍ਰਿਤ। ਪਰ ਸੰਸਕ੍ਰਿਤ ਨੂੰ ਰਾਸ਼ਟਰੀ ਬੋਲੀ ਮੰਨ ਲਿਆ ਗਿਆ ਹੈ। ਇਹ ਬਹੁਤ ਹੀ ਬਿਡੰਵਣਾ ਵਾਲੀ ਗੱਲ ਹੈ। ਭਾਰਤ ਵਿੱਚ ਅੰਗਰੇਜ਼ਾ ਦੇ ਆਉਣ ਨਾਲ Archaeology ਦੀ ਸਥਾਪਨਾ ਹੋਈ। ਇਸ ਦਾ ਪਹਿਲਾ ਡਾਇਰੈਕਟਰ **Alexander Cuningham** ਨੂੰ ਥਾਪਿਆ ਗਿਆ। ਜਿਸ ਨੇ ਖੋਜਾਂ ਕਰਨੀਆਂ ਸ਼ੁਰੂ ਕੀਤੀਆ। Archaeology ਦੀ History ਵਿੱਚ ਲਿਖਿਆ ਗਿਆ ਹੈ ਕਿ Alexander Cuningham ਨੇ ਹੜੱਪੇ ਤੋਂ ਮਿਲੀਆਂ ਵਸਤੂਆਂ ਨੂੰ ਦੇਖ ਕੇ ਉਹਨਾਂ ਨੇ ਛੇ ਚਿੰਨ੍ਹਾਂ (ਅੱਖਰਾਂ) ਦੀ ਪਛਾਣ ਕੀਤੀ ਅਤੇ ਦੱਸਿਆ ਹੈ ਕਿ ਇਹ ਵੱਖਰੇ ਕਿਸ ਦੇ ਅੱਖਰ ਹਨ, ਜਿਨਾਂ ਦੀ ਪਛਾਣ ਨਹੀ ਹੋ ਸਕੀ। ਇਸ ਤੋਂ ਤੀਜੇ ਥਾਂ ਬਣੇ ਡਾਇਰੈਕਟਰ John Marshal ਨੇ ਮੋਇੰਜੋਦੜੋ ਅਤੇ ਹੜੱਪੇ ਦੀ ਪੁਟਾਈ ਸ਼ੁਰੂ ਕਰਵਾਈ। ਉਨ੍ਹਾਂ ਥਾਂਵਾ ਤੋਂ ਨਾਜਾਬ (ਅਨੋਖੀਆਂ) ਚੀਜ਼ਾਂ ਮਿਲੀਆਂ ਜਿਹੜੀਆ ਕਿ ਆਪਣੀ ਖੋਜ ਅਤੇ ਜਿੰਦਗੀ ਵਿੱਚ ਮਾਰਸ਼ਲ ਨੇ ਕਦੇ ਨਹੀ ਦੇਖੀਆ ਸਨ। ਮਾਰਸ਼ਲ ਨੇ ਯੂਨਾਨ ਅਤੇ ਤੱਖਸ਼ਿਲਾ ਵਿੱਚ ਖੋਜ ਕਰਕੇ ਕਾਫੀ ਜਾਣਕਾਰੀ ਹਾਸਲ ਕਰ ਲਈ ਸੀ। **ਇਸ ਦੇ ਆਧਾਰ ਤੇ ਉਸ ਨੇ 1927 ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਕਿ ਇਹ ਜਿਹੜੀਆਂ ਵਸਤੂਆਂ ਮਿਲੀਆਂ ਹਨ ਇਹ ਅਨ-ਆਰੀਆ ਲੋਕਾਂ ਦੀਆਂ ਹਨ** ਅਤੇ ਇੱਥੋਂ ਇੱਕ ਲਿੱਪੀ ਵੀ ਮਿਲੀ, ਜਿਹੜੀ ਅਜੇ ਤੱਕ ਸੰਸਾਰ ਵਿੱਚ ਕੀਤੇ ਪੜੀ ਨਹੀ ਗਈ। ਇਸ ਤੋਂ ਇਹ ਸਿੱਟਾਂ ਨਿਕਲਦਾ ਹੈ ਕਿ ਇਹ ਸੰਸਾਰ ਦੀ ਸਭ ਤੋਂ ਪੁਰਾਣੀ ਲਿੱਪੀ ਹੈ। ਇਹ ਵੀ ਦੱਸਿਆ ਹੈ ਕਿ ਇਸ ਸੱਭਿਅਤਾ ਦੀ ਉਮਰ ਲੱਗਭਗ ਪੰਜ ਹਜ਼ਾਰ ਸਾਲ ਹੈ।

ਆਧੁਨਿਕ ਕਹੀਆਂ ਜਾਂਦੀਆਂ ਬੋਲੀਆਂ ਹੀ ਉਹਨਾਂ ਅਨ-ਆਰੀਆ ਦੀਆ ਬੋਲੀਆ ਹੀ ਹਨ ਨਾ ਕਿ ਆਰੀਆ ਦੀਆਂ ਜਿਹਾ ਕਿ

ਵਿਦੇਸ਼ੀ ਵਿਦਵਾਨਾਂ ਨੇ ਕਿਹਾ ਹੈ ਕਿ ਇਹ ਆਰੀਆ ਬੋਲੀਆ ਹਨ। ਸਾਡੇ ਦੇਸੀ ਵਿਦਵਾਨ **ਸੁਨੀਤੀ ਕੁਮਾਰ ਚੈਟਰਜੀ** ਦਾ ਵੀ ਇਹੀ ਮੰਨਣਾ ਹੈ ਕਿ ਇਹ ਆਰੀਆ ਬੋਲੀਆ ਹਨ। ਸਾਡੇ ਪੰਜਾਬੀ ਵਿਦਵਾਨ **ਸੁਦੇਸ਼ਵਰ ਵਰਮਾਂ ਦਾ** ਵੀ ਇਹੀ ਵਿਚਾਰ ਹੈ। **Linguistic Survey of India** ਦੇ ਵਿਦਵਾਨ Grierson ਦਾ ਵੀ ਇਹ ਵਿਚਾਰ ਹੈ ਕਿ ਆਰੀਆ ਬੋਲੀਆ ਹਨ। ਵਿਦੇਸ਼ੀ ਵਿਦਵਾਨਾਂ ਨੇ ਇਹ ਥਿਊਰੀ ਘੜੀ ਹੈ ਕਿ ਆਧੁਨਿਕ ਬੋਲੀਆਂ ਬੋਲਣ ਵਾਲੇ ਆਰੀਆ ਹਨ ਅਤੇ ਇਹ ਬਾਹਰੋਂ ਆਏ ਹਨ ਅਤੇ ਅੰਗਰੇਜ਼ ਵੀ ਬਾਹਰੋਂ ਆਏ ਹਨ। ਇਸ ਵਿੱਚ ਉਹਨਾਂ ਦਾ ਹਿੱਤ ਸੀ। ਜਿਹੜੇ ਅੰਗਰੇਜ਼ਾ ਦੇ ਖਿਲਾਫ ਧਾਰਮਿਕ ਅਤੇ ਰਾਜਨੀਤਿਕ ਅੰਦੋਲਨ ਕੀਤੇ ਸਨ ਉਹ ਅੰਗਰੇਜ਼ਾ ਦੇ ਹਿੱਤ ਵਿੱਚ ਨਹੀ ਸਨ। ਉਹਨਾਂ ਨੇ ਇਹ ਥਿਊਰੀ ਅੰਦੋਲਨਾਂ ਤੋਂ ਬਚਣ ਲਈ ਘੜੀ ਸੀ ਕਿ ਆਪਾ ਤਾਂ ਭਰਾਂ ਹਾਂ ਕਿ ਤੁਸੀ ਵੀ ਬਾਹਰੋਂ ਆਏ ਹੋ ਅਤੇ ਅਸੀ ਵੀ ਬਾਹਰੋਂ ਆਏ ਹਾਂ।

# ਪੰਜਾਬੀ ਅਤੇ ਸੰਸਕ੍ਰਿਤ

**ਪੰਜਾਬੀ ਅਤੇ ਸੰਸਕ੍ਰਿਤ ਬੋਲਣ ਵਾਲਿਆਂ ਦੀਆਂ ਨਸਲਾਂ** : ਪੰਜਾਬੀ ਬੋਲੀ ਦਾ ਸਬੰਧ ਹੜੱਪਾ ਕਲਚਰ ਨਾਲ ਹੈ। ਜਿਹੜਾ ਕਿ ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਹੈ। ਹੜੱਪਣ ਕਲਚਰ ਦੀਆਂ ਹੱਦਾਂ ਪਾਕਿਸਤਾਨ ਅਤੇ ਭਾਰਤ ਵਿੱਚ ਢੋਲਵੀਰਾ (ਗੁਜਰਾਤ) ਤੱਕ ਫੈਲੀਆਂ ਹੋਈਆਂ ਹਨ ਜਿਸ ਦਾ ਖੇਤਰਫਲ 1.5 ਮਿਲੀਅਨ ਕਿ.ਮੀ. ਹੈ। ਇੰਨੀ ਵਿਸ਼ਾਲ ਖੇਤਰ ਵਿੱਚ ਫੈਲੀ ਹੋਈ ਸੱਭਿਅਤਾ ਨੂੰ ਅੱਖਿਓ ਉਹਲੇ ਕਰਨਾਂ ਇਤਿਹਾਸ ਨਾਲ ਨਿਆਂ ਨਹੀ ਹੈ। ਹੜੱਪਣ ਲੋਕਾਂ ਨੇ ਸੰਸਾਰ ਵਿੱਚ ਸਭ ਤੋਂ ਪਹਿਲਾਂ ਇੱਕ ਲਿੱਪੀ ਦਾ ਵਿਕਾਸ ਕੀਤਾ। ਜਿਹੜੀ ਧੁਨੀਆਤਮਕ ਅਤੇ Ideographic ਹੈ ਅਤੇ ਹੜੱਪਾ ਲਿੱਪੀ ਅੱਜ ਤੱਕ ਸੰਸਾਰ ਵਿੱਚ ਪੜ੍ਹੀ ਨਹੀ ਗਈ। ਅਜਿਹਾ G.R. Hunter ਦਾ ਵਿਚਾਰ ਹੈ ਕਿ ਉਸ ਦੀ ਕਿਤਾਬ ਹੜੱਪਾ ਅਤੇ ਮੋਇੰਜੋਦੜੋ ਲਿੱਪੀ (Harappa and Mohenjodaro script and it's Connection with Scripts) ਤੇ 1933 ਵਿੱਚ ਪੀ.ਐੱਚ.ਡੀ. ਕੀਤੀ। ਉਸਦਾ ਮੰਨਣਾ ਹੈ ਕਿ ਹੜੱਪਣ ਦੀ ਸੀਲ **ਸੂਸਾ** ਦੇ ਇਲਾਕੇ ਚੋਂ ਮਿਲੀ ਹੈ ਜੋ ਕਿ ਸੁਮੇਰੀਆ 2750 B.C. ਦੀ ਹੈ। ਇੱਕ ਹੋਰ ਸੀਲ **ਜਮਦਾਤ ਨਾਸਰ** ਤੋਂ ਮਿਲੀ ਹੈ। ਜਿਹੜੀ ਕਿ ਸੁਮੇਰੀਅਨ ਸੱਭਿਅਤਾ ਨਾਲ ਸਬੰਧਤ ਹੈ। ਜੋ ਕਿ ਅੱਜ ਕੱਲ **ਇਰਾਕ** 'ਚ ਹੈ। ਜਿਸ ਦਾ ਸਮਾਂ 4000 B.C. ਹੈ। ਸੁਮੇਰੀਅਨ ਲਿੱਪੀ ਦੇ ਚਿੰਨਾਂ ਦਾ ਮਿਲਣਾ ਦੱਸਦਾ ਹੈ ਕਿ ਹੜੱਪਾ ਲਿੱਪੀ ਤੋਂ ਉਹਨਾਂ ਨੇ ਕੁਝ ਚਿੰਨ੍ਹ ਉਧਾਰ ਲਏ ਹਨ। ਇਸ ਤਰਾਂ ਸਿੱਟਾ ਨਿਕਲਦਾ ਹੈ ਕਿ ਸੰਸਾਰ ਨੂੰ ਪਹਿਲੀ ਲਿੱਪੀ ਦੇਣ ਵਾਲੇ ਲੋਕ ਹੜੱਪਣ ਲੋਕ ਹੀ ਹਨ। ਇਸ ਸੱਭਿਅਤਾ ਨੂੰ ਬਾਹਰੋਂ ਆਏ ਆਰੀਆ ਨਸਲ ਨੇ

ਅਤੇ ਦ੍ਰਾਵਿੜ ਨਸਲ ਨੇ ਹੜੱਪਾ ਸੱਭਿਅਤਾ ਨੂੰ ਤਬਾਹ ਕੀਤਾ। ਇਸ ਦਾ ਸਬੂਤ ਹੈ ਕਿ **ਬਲੋਚਸਤਾਨ** 'ਚ ਮਿਲੀ **ਬਰੂਹੀ ਬੋਲੀ** ਅਤੇ ਇੱਕ ਪੱਟੀ ਜਿਹੜੀ ਕਿ Central Asia ਤੱਕ ਜਾਂਦੀ ਹੈ ਵਿੱਚ ਮਿਲਦਾ ਹੈ। ਇਸ ਨੂੰ ਤੁਸੀ ਬਰੂਹੀ ਭਾਸ਼ਾ ਦੀ ਕਿਤਾਬ ਵਿੱਚ ਦੇਖ ਸਕਦੇ ਹੋ। **Grierson** ਕਿਤਾਬ **Liguistic Survey of India** ਅਨੁਸਾਰ ਦ੍ਰਾਵਿੜੀਅਨ ਦੂਰ ਦੱਖਣ ਦੇ ਰਹਿਣ ਵਾਲੇ ਹਨ। ਇਹ ਇੱਥੇ ਦੇ ਹੀ ਵਸਨੀਕ ਹਨ। ਕਈ ਸੱਜਨਾਂ ਨੇ ਕਿਤਾਬਾ ਵਿੱਚ ਜ਼ਿਕਰ ਕੀਤਾ ਹੈ ਕਿ ਇਹ ਹੜੱਪਣ ਸੱਭਿਆਚਾਰ ਦੇ ਸਿਰਜਣਹਾਰੇ ਸਨ। ਜਦੋਂ ਅਸੀ ਦ੍ਰਾਵਿੜੀਅਨ ਅਤੇ ਹੜੱਪੇ ਦੀ ਪੰਜਾਬੀ ਨਾਲ ਤੁਲਣਾ ਕਰਦੇ ਹਾਂ ਅਤੇ ਇਹਨਾ ਵਿੱਚ ਭਾਸ਼ਾਈ ਤੌਰ ਤੇ ਕੁਝ ਵੀ ਸਾਂਝਾ ਨਹੀ ਹੈ। ਜਿਵੇਂ ਕਿ :

**ਤਾਮਿਲ** ਵਿੱਚ **ਪੋ ਧਾਤੂ** ਤੋਂ ਬਣੇ ਰੂਪ : **ਪੋ - ਪੋਏ - ਪੋਇਮ**

**ਪੰਜਾਬੀ** ਵਿੱਚ ਇਹ ਰੂਪ ਇਸ ਤਰਾਂ ਹਨ : **ਗਿਆ/ਗਈ**<br>**ਜਾਂਦਾ/ਜਾਂਦੀ**<br>**ਜਾਵੇਗਾ/ਜਾਵੇਗੀ**

**ਪੋ** ਦਾ ਅਰਥ **ਜਾ** (Go) ਹੈ। "**An Essay on Indian Antiquities, Historic and Numismatic**" ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਆਰੀਅਨਾਂ ਨੇ ਜਦੋਂ ਭਾਰਤ ਤੇ ਹਮਲਾਂ ਕੀਤਾ ਅਤੇ ਦਾਖਲ ਹੋਏ ਤਾਂ ਇਹਨਾਂ ਦੀ ਗਿਣਤੀ ਜੱਦੀ ਲੋਕਾ ਦੇ ਮੁਕਾਬਲੇ ਬਹੁਤ ਘੱਟ ਸੀ। ਇਨ੍ਹਾਂ ਆਰੀਆ ਲੋਕਾਂ ਦੀ ਬੋਲੀ ਵੈਦਿਕ ਤੋਂ ਸੰਸਕ੍ਰਿਤ ਅਖਵਾਈ। ਪਾਨਿਨੀ ਦੀ ਪੁਸਤਕ **ਅਸ਼ਟਅਧਿਆਇ** ਅਨੁਸਾਰ ਪਾਨਿਨੀ ਤੋਂ ਪਹਿਲਾਂ 60 ਗਰੈਮੇਰੀਅਨ ਹੋਏ ਸਨ। ਆਰੀਅਨ ਲੋਕਾਂ ਨੇ ਇੱਥੇ ਦੇ ਲੋਕਾਂ ਤੋਂ ਰਾਜ ਖੋ ਲਿਆ ਅਤੇ ਆਪਣੀਆ ਨੀਤੀਆ ਲਾਗੂ ਕੀਤੀਆਂ। ਜਿਹਨਾਂ ਦਾ ਮਾਧਿਅਮ ਸੰਸਕ੍ਰਿਤ ਨੂੰ ਬਣਾਇਆ ਅਤੇ ਸੰਸਕ੍ਰਿਤ ਵਿੱਚ ਉੱਚ ਪੱਧਰ ਦੀ ਸਾਹਿਤ ਰਚਨਾਂ ਵੀ ਕੀਤੀ।

ਡਾ. ਸ਼ਰਨ ਦੀ ਕਿਤਾਬ "**Punjab Tribe and Coins**" ਅਨੁਸਾਰ ਸਭ ਤੋਂ ਪਿੱਛੋ ਆਰੀਆ ਨੇ ਦ੍ਰਾਵਿੜਾ ਤੇ ਜਿੱਤ ਹਾਸਲ ਕੀਤੀ। ਆਰੀਅਨਾ ਨੇ ਦ੍ਰਵਿੜਾਂ ਨੂੰ ਹਰਾਉਣ ਲਈ Mugoloid ਲੋਕਾਂ ਦਾ ਸਹਾਰਾ ਲਿਆ। ਜੋ ਕਿ ਦ੍ਰਾਵਿੜਾਂ ਨਾਲੋ ਅੱਡ ਨਸਲ ਦੇ ਸਨ। ਜਿਵੇਂ ਉਹਨਾਂ ਨੂੰ ਵਾਨਰ ਆਦਿ ਨਾਂ ਦੇਣਾਂ ਤਾਂ ਕਿ ਆਰੀਆ ਨਾਲੋਂ ਮੁਗਲ਼ਾਂ ਦਾ ਫਰਕ ਅੱਡ ਨਜ਼ਰ ਆਵੇ।

ਸੰਸਕ੍ਰਿਤ ਅਤੇ ਪੰਜਾਬੀ ਦੇ ਰੂਪਾਂ ਵਿੱਚ ਭਿੰਨਤਾਂ ਜਾਂ ਫਰਕ ਹੈ :

ਜਿਵੇਂ **ਸੰਸਕ੍ਰਿਤ** ਵਿੱਚ : **ਗਸ਼ਤਹ - ਗਸ਼ਤਿ - ਗਮਸ਼ੇਅਤਿ**

**ਪੰਜਾਬੀ** ਵਿੱਚ ਇਸ ਦਾ ਉਲੱਥਾ ਇਸ ਪ੍ਰਕਾਰ ਹੈ : **ਗਿਆ/ਗਈ**
**ਜਾਂਦਾ/ਜਾਂਦੀ**
**ਜਾਵੇਗਾ/ਜਾਵੇਗੀ**

ਸੋ **ਦ੍ਰਾਵਿੜਅਨ** ਅਤੇ **ਸੰਸਕ੍ਰਿਤ** ਵਿੱਚ **Single Gender** ਕ੍ਰਿਆ ਹੈ ਜਦ ਕਿ **ਪੰਜਾਬੀ 'ਚ Double Gender** ਕ੍ਰਿਆ ਹੈ।

ਨਸਲੀ ਤੌਰ ਤੇ ਪੰਜਾਬੀ, Viceroy Lord Curzon ਅਨੁਸਾਰ ਸਭ ਤੋਂ ਪਹਿਲਾਂ ਆਰੀਆ ਦੀ ਮੁੱਠਭੇੜ ਸ਼ੂਦਰ ਕਬੀਲੇ ਨਾਲ ਹੋਈ। ਆਰੀਆ ਨੇ ਸ਼ੂਦਰ ਕਬੀਲੇ ਨੂੰ ਹਰਾ ਦਿੱਤਾ ਅਤੇ ਬਾਕੀ ਦੇ ਰਹਿੰਦੇ ਹੋਰ ਕਬੀਲਿਆਂ ਨੂੰ ਵੀ ਹਰਾ ਦਿੱਤਾ। ਆਰੀਆ ਨੇ ਇਹਨਾਂ ਸਾਰਿਆ ਕਬੀਲਿਆ ਦਾ ਨਾਂ ਸ਼ੂਦਰ ਰੱਖਿਆ। ਜੇਤੂ ਹੋਣ ਕਾਰਣ ਇੱਥੇ ਦੇ ਵਾਸੀ ਉਹ ਇੱਕ ਆਰੀਆ ਦੀ ਪਰਜਾ ਬਣ ਗਈ। ਆਰੀਆ ਨੇ ਆਪਣੀ ਭਾਸ਼ਾ ਇੱਥੇ ਦੇ ਲੋਕਾਂ ਤੇ ਠੋਸ ਦਿੱਤੀ। ਜਿਵੇਂ ਵਿਦੇਸ਼ੀ ਸ਼ਾਸਕ ਕਰਿਆ ਕਰਦੇ ਸਨ। ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕੀਤਾ ਅਤੇ ਹਰ ਵੇਲੇ ਆਪਣੇ ਦਾਬੇ ਹੇਠਾਂ ਰੱਖਦੇ ਸਨ। ਕਾਨੂੰਨ ਵੀ ਉਹ ਬਣਾਉਂਦੇ ਜਿਹੜੇ ਸ਼ਾਸ਼ਕਾਂ ਦੇ ਹੱਕਾਂ 'ਚ ਅਤੇ ਪਰਜਾ ਦੇ ਉੱਲਟ ਹੁੰਦੇ ਸਨ। ਇਸ ਤਰਾਂ ਉਹ

ਆਪਣੀ ਗੱਦੀ ਲੋਕਾਂ 'ਚ ਫੁੱਟ ਪੁਆਕੇ ਅਤੇ ਦਬਾਆ ਪਾ ਕੇ ਗੱਦੀ ਕਾਇਮ ਰੱਖਦੇ ਸਨ।

ਜਿੱਥੋ ਤੱਕ ਆਰੀਆ ਨਸਲ ਦਾ ਸਬੰਧ ਹੈ ਉਹ ਆਪਣੀ ਨਸਲ ਮੁਕਾ ਚੁੱਕੀ ਹੈ। ਜਿਸ ਦਾ ਸਬੂਤ ਹੈ ਕਿ ਸੰਸਕ੍ਰਿਤ Indian Sub-continent ਵਿੱਚ ਕਿਤੇ ਵੀ ਬੋਲੀ ਨਹੀ ਜਾਂਦੀ ਹੈ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ Indian Sub-continent ਦੀ ਭਾਸ਼ਾਵਾ ਆਰੀਅਨ ਵਿੱਚੋਂ ਵਿਕਸਿਤ ਹੋਈਆ ਹਨ। ਸੰਸਕ੍ਰਿਤ ਦੇ ਸਮਾਨਅਰਥ (Synonymous) ਸ਼ਬਦਾ ਦੀ ਕਾਫੀ ਭਰਮਾਰ ਹੈ। ਜਿਹੜੇ ਕਿ ਦੇਸੀ ਬੋਲੀਆਂ ਦੇ ਸ਼ਬਦ ਹਨ। **ਇਸ ਦਾ ਸਬੂਤ John Beam ਦੀ ਕਿਤਾਬ Aryian Laguage Comparitive Grammer ਵਿੱਚ ਮਿਲਦਾ ਹੈ ਅਤੇ Earnst Triumph ਨੇ ਆਪਣੀ ਸਿੰਧੀ ਗਰੈਮਰ ਵਿੱਚ ਆਪਣੇ ਵਿਚਾਰ ਰੱਖੇ ਹਨ, ਕਿ ਉੱਤਰੀ ਭਾਰਤੀ ਬੋਲੀਆਂ 'ਚ ਗੈਰ-ਆਰੀਆ ਸ਼ਬਦ ਹਨ ਜੋ ਕਿ ਦੇਸੀ ਕਹੇ ਜਾਂਦੇ ਹਨ।**

ਰਿਗਵੇਦ ਦੀ ਸ਼ਬਦਾਵਲੀ ਦੇ ਵਿੱਚ ਅਨੇਕਾਂ ਦੇਸੀ ਸ਼ਬਦ ਵਰਤੇ ਹਨ। ਜਿਨਾਂ ਦਾ ਵੇਰਵਾ ਅਸੀ **ਅਸ਼ਟਅਧਿਆਇ** ਵਿੱਚ ਦੇਖ ਸਕਦੇ ਹਾਂ। ਆਰੀਆ ਪਿੱਛੋ ਹੋਰ ਵੀ ਨਸਲਾਂ ਦੇ ਸ਼ਾਸਕ ਇੱਥੇ ਆਏ ਹਨ। ਜਿਵੇ **ਹੈਬਰੂ** ਬੋਲੀ ਦੇ ਸ਼ਬਦਾ ਦਾ ਭਾਰਤੀ ਬੋਲੀ ਵਿੱਚ ਆਉਣਾ। ਉਨਾਂ ਦੇ ਸ਼ਬਦਾ ਦਾ ਆਉਣਾ ਦੱਸਦਾ ਹੈ ਕਿ ਵਿਦੇਸ਼ੀਆਂ ਨੇ ਆਪਣਾ ਭਾਸ਼ਾਈ ਅਸਰ ਵੀ ਛੱਡਿਆ ਹੈ ਅਤੇ ਸੱਭਿਆਚਾਰਕ ਪ੍ਰਭਾਵ ਵੀ ਪਾਇਆ ਹੈ। ਉਹਨਾਂ ਦੇ ਧਰਮ ਦੇ ਅੰਸ਼ ਵੀ ਮਿਲਦੇ ਹਨ। ਉਨਾਂ ਦੀਆਂ ਲਿੱਪੀਆਂ ਵੀ ਆਈਆਂ ਹਨ ਜਿਵੇਂ ਗ੍ਰੀਕ ਦੀ ਲਿੱਪੀ, ਅਰਬੀ ਲਿੱਪੀ ਅਤੇ ਈਰਾਨੀ ਲਿੱਪੀ। ਇਹ ਸਾਰੀਆਂ ਲਿੱਪੀਆਂ **ਮਾਨਕੇਆਂਲ** ਨੇੜੇ **ਟੈਕਸਲਾ** ਵਿੱਚ **ਮਹਾਰਾਜਾ ਰਣਜੀਤ ਸਿੰਘ ਦੇ ਜਨਰਲ ਵੈਂਤੂਰਾ** ਨੂੰ ਖੋਜ ਦੌਰਾਨ ਮਿਲੀਆਂ ਹਨ।

ਭਾਰਤ ਵਿੱਚ ਜਦੋਂ ਸਮਰਾਟ ਅਸੋਕ ਦਾ ਰਾਜ ਆਇਆ ਤਾਂ ਉਸ ਨੇ ਰਾਜ ਦਾ ਧਰਮ ਬੁੱਧ ਐਲਾਨ ਕਰ ਦਿੱਤਾ ਅਤੇ ਬੋਲੀ ਸੰਸਕ੍ਰਿਤ ਦੀ ਥਾਂ ਪਾਲੀ ਬੋਲੀ ਰਾਜ ਬੋਲੀ ਬਣਾ ਦਿੱਤੀ। ਜਿਸਦਾ ਪ੍ਰਮਾਣ **Archaeology** ਦੀਆਂ ਖੋਜਾਂ ਤੋਂ ਪਤਾ ਚੱਲਦਾ ਹੈ। ਅਸ਼ੋਕ ਦੀ ਲਿੱਪੀ ਪੜਣ ਵਿੱਚ **James Prinsep** ਦਾ ਭਰਪੂਰ ਯੋਗਦਾਨ ਹੈ। ਉਹ ਸਾਰੀ ਦੀ ਲਿੱਪੀ ਪੜ੍ਹਨ ਵਿੱਚ ਕਾਮਯਾਬ ਹੋ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਦੀਆ ਹੋਰ ਕਈ ਅਗਿਆਤ ਲਿੱਪੀਆਂ ਪੜ੍ਹਨ ਵਿੱਚ ਸਹਾਇਤਾ ਮਿਲੀ। ਇਤਿਹਾਸ ਵਿੱਚ ਕਈ ਤੱਥ ਸਹੀ ਰੂਪ ਵਿੱਚ ਸਾਹਮਣੇ ਆਏ। ਪੰਜਾਬ ਦੇ ਲੋਕਾਂ ਨੇ ਵੱਖਰੇ ਤੌਰ 'ਤੇ ਆਪਣੀ ਲਿੱਪੀ ਵਿਕਸਿਤ ਕੀਤੀ। ਜਿਸਨੂੰ **ਟੱਕ ਦੇਸ਼ ਦੇ ਨਾਂ ਤੇ ਟਾਕਰੀ** ਦਾ ਨਾਮ ਦਿੱਤਾ ਗਿਆ। ਟੈਕਸਲਾ ਵੀ ਇਹਨਾਂ ਲੋਕਾਂ ਦਾ ਹੀ ਵਸਾਇਆ ਹੋਇਆ ਸ਼ਹਿਰ ਹੈ। ਅੱਜ ਵੀ ਸਾਨੂੰ ਪੰਜਾਬ ਅਤੇ ਹਿਮਾਚਲ ਵਿੱਚ ਤੱਖੀ ਨਾਂ ਦੇ ਗੋਤ ਦੇ ਲੋਕ ਮਿਲਦੇ ਹਨ। ਤੱਖ ਸ਼ਬਦ ਪਾਲੀ ਭਾਸ਼ਾ ਦਾ ਸ਼ਬਦ ਹੈ। ਜਿਸ ਤੋਂ ਤੱਖੀ ਸ਼ਬਦ ਬਣਾਇਆ ਹੈ। ਅੰਗਰੇਜ਼ੀ ਬਸਤੀ ਪੰਜਾਬ ਦੇ ਰਾਜਿਆ ਨੇ ਟਾਕਰੀ ਲਿੱਪੀ ਨੂੰ ਰਾਜ ਲਿੱਪੀ ਦੇ ਤੌਰ ਤੇ ਵਰਤਿਆ। ਪੰਜਾਬ ਵਿੱਚ ਇੱਕ ਹੋਰ ਲਿੱਪੀ ਚੱਲਦੀ ਸੀ ਜਿਸਨੂੰ **ਭੱਠਸ਼੍ਰੀ** ਕਿਹਾ ਜਾਂਦਾ ਸੀ। ਇਸ ਦਾ ਜ਼ਿਕਰ **Al-Bruni** ਦੀ ਕਿਤਾਬ **Qitab-Al-Hind** ਵਿੱਚ ਅਰਧ ਨਾਕਰੀ (ਅਰਧ ਨਾਗਰੀ) ਦੇ ਰੂਪ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਇੱਕ ਹੋਰ ਰੂਪ ਮਿਲਦਾ ਹੈ ਜਿਸ ਨੂੰ **ਲੰਡੇ** ਕਿਹਾ ਜਾਂਦਾ ਸੀ। ਇਸ ਨੂੰ **ਬਾਣੀਏ ਅਤੇ ਮਹਾਜਨ ਬਹੀ ਖਾਤਿਆ** ਵਿੱਚ ਵਰਤਦੇ ਸਨ। ਇੱਕ ਲਿੱਪੀ ਗੁਰਮੁਖੀ ਹੈ ਜਿਸਨੂੰ ਅੱਜ ਪੰਜਾਬੀ ਦੀ **ਮਿਆਰੀ** (Standard) ਲਿੱਪੀ ਕਿਹਾ ਜਾਂਦਾ ਹੈ ਜਿਸਨੂੰ ਸਿੱਖ ਗੁਰੂਆਂ ਨੇ ਪੰਜਾਬ ਦੀ ਟਾਕਰੀ ਲਿੱਪੀ ਨੂੰ ਸੁਧਾਰ ਕੇ ਨਵਾਂ ਰੂਪ ਦਿੱਤਾ ਹੈ ਅਤੇ ਸੁਧਾਰ ਕੇ ਆਪਣੀਆਂ ਪੋਥੀਆਂ ਲਿਖਣ ਦਾ ਮਾਧਿਅਮ ਬਣਾਇਆ। ਗੁਰਸਿੱਖਾਂ ਦੇ ਅਪਣਾਉਣ

ਕਰਕੇ ਇਸ ਦਾ ਨਾਂ ਗੁਰਮੁਖੀ ਪੈ ਗਿਆ। ਪੰਜਾਬ ਦੇ ਬਹੁਤ ਸਾਰੇ ਮੁਸਲਮਾਨ ਕਿੱਸੇਕਾਰਾਂ ਨੇ ਪੰਜਾਬੀ ਲਿਖਣ ਵਾਸਤੇ ਅਰਬੀ ਲਿੱਪੀ ਨੂੰ ਮਾਧਿਅਮ ਅਪਣਾਇਆ। ਉਹਨਾਂ ਅਨੇਕਾਂ ਕਿੱਸੇਕਾਰਾਂ ਦੀਆ ਰਚਨਾਵਾਂ ਵਿੱਚ ਕਈ ਗਲਤੀਆਂ ਦੇਖੀਆ ਜਾ ਸਕਦੀਆ ਹਨ। ਕਿਉਕਿ **ਅਰਬੀ ਲਿੱਪੀ ਵਿੱਚ ਪੰਜਾਬੀ ਦੀਆ ਸਿਰਫ 10 ਧੁਨੀਆ ਹੀ ਸਹੀ ਢੰਗ ਨਾਲ ਲਿਖੀਆਂ** ਜਾ ਸਕਦੀਆ ਹਨ। ਅਰਬੀ ਲਿੱਪੀ ਮੰਨਣ ਵੱਲਿਆ ਦਾ ਕਹਿਣਾ ਹੈ ਕਿ ਇਹ **ਸ਼ਾਹਮੁਖੀ** ਲਿੱਪੀ ਹੈ। ਇਸ ਤਰਾਂ ਇਹ ਲੋਕਾਂ ਨੂੰ ਮਿਸ ਗਾਇਡ ਕਰ ਰਹੇ ਹਨ। **ਸੰਸਕ੍ਰਿਤ ਵਿੱਚ ਪਾਣਿਨੀ ਨੇ 43 ਧੁਨੀਆਂ ਨੂੰ ਮੰਨਿਆ ਹੈ ਅਤੇ ਉਹਨਾਂ ਨੂੰ 14 ਸੂਤਰਾਂ ਵਿੱਚ ਬੰਨ ਦਿੱਤਾ ਤਾਂ ਕਿ ਸੰਸਕ੍ਰਿਤ ਵਿੱਚ ਕੋਈ ਮਿਲਾਵਟ ਨਾ ਕਰ ਸਕੇ। ਇਸੇ ਤਰਾਂ ਬਾਬੇ ਨਾਨਕ ਨੇ ਵੀ ਗੁਰਮੁਖੀ ਦੇ 35 ਅੱਖਰ ਬੰਨ ਦਿੱਤੇ ਅਤੇ ਇਸੇ 35 ਅੱਖਰਾਂ ਦੇ ਹਵਾਲੇ ਨਾਲ ਆਪਣੀ ਬਾਣੀ ਦੀ ਰਚਨਾਂ ਕੀਤੀ ਜਿਸਨੂੰ ਪੱਟੀ ਬਾਣੀ ਕਿਹਾ ਜਾਂਦਾ ਹੈ।**

# ਪੰਜਾਬੀ ਅਤੇ ਸੰਸਕ੍ਰਿਤ-2

**ਸੰਸਕ੍ਰਿਤ ਇੱਕ ਆਰੀਆ ਭਾਸ਼ਾ ਹੈ :** ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾ ਆਰੀਆ ਭਾਸ਼ੀ ਲੋਕਾਂ ਦੇ ਕਈ ਗਰੁੱਪ ਸਨ। ਯੂਰਪੀਅਨ ਆਰੀਆ ਭਾਸ਼ਾ ਦੇ ਵੀ ਕਈ ਗਰੁੱਪ ਸਨ। ਏਸ਼ੀਅਨ ਆਰੀਆ ਭਾਸ਼ੀ ਲੋਕਾਂ ਦੇ ਕਈ ਗਰੁੱਪ ਸਨ। ਇਕ ਪਾਰਸੀ ਭਾਸ਼ੀ (ਈਰਾਨੀ ਭਾਸ਼ੀ) ਅਤੇ ਦੂਜਾ ਗਰੁੱਪ Indian Sub-continent ਵਿੱਚ ਆਇਆ, ਜਿਹਨਾਂ ਦੀ ਭਾਸ਼ਾ ਵੈਦਿਕ ਕਹੀ ਜਾਂਦੀ ਹੈ। ਈਰਾਨੀ ਭਾਸ਼ਾ ਦਾ ਸ੍ਰੋਤ "**ਜ਼ੰਦਅਵੇਸਦਾ**" ਹੈ। ਉਪਰੋਕਤ ਆਰੀਆ ਭਾਸ਼ਾਵਾ ਦੇ ਗਰੈਮਰ ਅੱਡੋ-ਅੱਡ ਹਨ। ਜੇਕਰ ਅਸੀ ਇਹਨਾਂ ਭਾਸ਼ਾਵਾ ਨੂੰ ਦੇਖੀਏ ਤਾਂ ਇਹਨਾਂ ਦਾ ਆਪਸ ਵਿੱਚ ਕੁਝ ਵੀ ਸਾਂਝਾ ਨਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਆਰੀਆ ਦੇ ਬਹੁਤ ਸਾਰੇ ਕਬੀਲੇ ਸਨ ਅਤੇ ਬਹੁਤ ਸਾਰੀਆ ਭਾਸ਼ਾਵਾ ਸਨ। ਆਰੀਆ ਦੇ ਮੂਲ਼ ਸਥਾਨਾਂ ਬਾਰੇ ਵੱਖੋ-ਵੱਖਰੀਆ ਰਾਵਾਂ ਹਨ। ਕੋਈ ਇਸ ਨੂੰ Central Asia ਤੋਂ ਮੰਨਦਾ ਹੈ। ਕੋਈ ਇਸ ਨੂੰ ਈਰਾਨ ਤੋਂ ਮੰਨਦਾ ਹੈ। ਸਾਡੇ ਕਈ ਵਿਦਵਾਨਾਂ ਨੇ Indo-European ਗਰੁੱਪ ਮੰਨਿਆ ਅਤੇ ਦੱਸਿਆ ਕਿ ਭਾਰਤੀ ਸੰਸਕ੍ਰਿਤ ਵਿੱਚ ਬਹੁਤ ਸਾਂਝ ਹੈ। ਇਸ ਨੂੰ ਅਪਵਾਦ ਮੰਨਦੇ ਹੋਏ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਦੇ ਕਰਤਾ **ਵਿਲ਼ੀਅਮ ਮੋਨੀਅਰ** ਨੇ ਇਸ ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਭਾਰਤ ਦੀ ਸੰਸਕ੍ਰਿਤ ਦਾ ਯੂਰਪੀ ਭਾਸ਼ਾਵਾ ਨਾਲ ਕੋਈ ਵੀ ਸਰੋਕਾਰ ਨਹੀ ਹੈ। ਜਦਕਿ ਇਹ ਈਰਾਨੀ ਬੋਲੀ ਦੇ ਨੇੜੇ ਹੈ। ਈਰਾਨੀ ਬੋਲੀ ਵਿੱਚ 22 Consonant ਅਤੇ 14 vowels ਹਨ। ਪਣਿਨੀ ਦੇ ਸੰਸਕ੍ਰਿਤ ਗਰੈਮਰ "ਅਸ਼ਟਅਧਿਆਇ" ਵਿੱਚ 43 ਧੁਨੀਆ ਮੰਨੀਆ। ਜਦ ਕਿ ਰਿਗਵੇਦ ਵਿੱਚ 64 ਧੁਨੀਆ

ਮੰਨੀਆ ਜਾਂਦੀਆ ਹਨ। ਇਸ ਵਿੱਚ 44 Consonant ਅਤੇ 20 vowels ਮੰਨੇ ਜਾਂਦੇ ਹਨ। ਜਦਕਿ ਯਜੁਰਵੇਦ ਵਿੱਚ 63 ਧੁਨੀਆ ਮੰਨੀਆ, ਜਿਹਨਾਂ ਵਿੱਚ 43 Consonant ਅਤੇ 20 vowels ਹਨ। ਆਰੀਆ ਭਾਸ਼ਾ ਨੂੰ ਸ਼ੁੱਧ ਰੱਖਣ ਦੇ ਵਿਚਾਰ ਨਾਲ ਆਰੀਆ ਲੋਕਾਂ ਵਿੱਚ ਇਕ ਤੌਖਲ਼ਾ ਪੈਦਾ ਹੋ ਗਿਆ ਕਿ ਭਾਸ਼ਾ ਨੂੰ ਸ਼ੁੱਧ ਕਿਵੇਂ ਰੱਖਿਆ ਜਾਵੇ ਅਤੇ ਮਿਲਾਵਟ ਤੋਂ ਕਿਵੇ ਬਚਾਇਆ ਜਾ ਸਕੇ। ਇਸ ਕਰਕੇ ਉਹਨਾਂ ਨੇ ਕਵਾਇਦ (campaign) ਸ਼ੁਰੂ ਕੀਤੀ ਕਿ ਇਸ ਭਾਸ਼ਾ ਦੇ ਨਿਯਮ ਬਣਾਏ ਜਾਣ। ਜਿਹਨਾਂ ਨੇ ਇਸ ਨੂੰ ਵਿਆਕਰਨ ਦਾ ਨਾਮ ਦਿੱਤਾ। "ਅਸ਼ਟਅਧਿਆਇ" ਦੀ ਭੂਮਿਕਾ 'ਚ ਲਿਖਿਆ ਗਿਆ ਹੈ ਕਿ ਪਿਨਿਨੀ ਤੋਂ ਪਹਿਲਾ 60 ਹੋਰ ਵਿਆਕਰਨੀ ਹੋਏ ਹਨ। ਜਿਹਨਾਂ ਨੇ ਭਾਸ਼ਾ ਦੇ ਵੱਖੋ-ਵੱਖ aspects ਤੇ ਕੰਮ ਕੀਤਾ। ਪਨਿਨੀ ਤੋਂ ਪਿੱਛੋਂ ਕਈਆ ਨੇ ਇਸ ਤੇ commentary ਵੀ ਲਿਖੀ।

<u>**ਸੰਸਕ੍ਰਿਤ ਅਤੇ ਇਸ ਦਾ ਸਾਹਿਤ :**</u> ਸੰਸਕ੍ਰਿਤ 'ਚ ਸਭ ਤੋਂ ਪਹਿਲਾ ਰਿਗਵੇਦ ਮੰਨਿਆ ਜਾਂਦਾ ਹੈ। ਇਸ ਤੋਂ ਪਿੱਛੋਂ ਤਿੰਨ ਹੋਰ ਵੇਦਾਂ ਦੀ ਰਚਨਾਂ ਹੋਈ ਅਤੇ ਇਸ ਪਿੱਛੋ ਬਹੁਤ ਸਾਰੇ ਉਪਨਿਸ਼ਦ ਵੀ ਲਿਖੇ ਗਏ। ਜਿਹਨਾਂ ਵਿੱਚੋਂ ਬਹੁਤ ਸਾਰੇ ਉਪਲੱਬਧ ਨਹੀ ਹਨ। ਹਿੰਦੂ ਇਤਿਹਾਸ ਕੋਸ਼ ਅਨੁਸਾਰ ਉਪਨਿਸ਼ਦਾ ਦੀ ਗਿਣਤੀ 200 ਸੀ। ਅੱਜ ਉਹਨਾਂ ਵਿੱਚੋਂ ਬਹੁਤ ਘੱਟ ਮਿਲਦੇ ਹਨ। ਇਹਨਾਂ ਪਿੱਛੋ 6 ਦਰਸ਼ਨਾਂ ਦੀ ਰਚਨਾਂ ਹੋਈ। ਇਤਿਹਾਸਕ ਕਿਤਾਬਾ ਵੀ ਲਿਖੀਆ ਗਈਆਂ ਹਨ। ਜਿਹਨਾਂ ਨੂੰ ਪੁਰਾਣ ਵੀ ਕਿਹਾ ਜਾਂਦਾ ਹੈ। ਇਹਨਾਂ ਦੀ ਗਿਣਤੀ 18 ਮੰਨੀ ਜਾਂਦੀ ਹੈ। ਕੁਝ ਮਰਿਆਦਾ ਤੇ ਵੀ ਕਿਤਾਬਾ ਲਿਖੀਆ ਗਈਆ ਹਨ। ਜਿਹਨਾਂ ਨੂੰ ਸਿਮਰਤੀ ਕਿਹਾ ਜਾਂਦਾ ਹੈ। ਇਸ ਦੀ ਗਿਣਦੀ 27 ਮੰਨੀ ਜਾਂਦੀ ਹੈ। ਇਸ ਪਿੱਛੋਂ ਨਾਇਕਵਾਦੀ (epic) ਤੇ ਵੀ ਕਿਤਾਬਾ ਲਿਖੀਆ ਗਈਆ ਹਨ ਜਿਵੇਂ ਰਮਾਇਣ ਅਤੇ

ਮਹਾਂਭਾਰਤ। ਭਾਰਤ ਦੇ 6 ਦਰਸ਼ਨਾਂ ਤੋਂ ਅਲਗ ਨਾਸਤਕ ਫਿਲਾਸਫੀਆਂ ਦੇ ਵੀ ਗ੍ਰੰਥ ਲਿਖੇ ਗਏ ਹਨ। ਇਸ ਵਿੱਚ ਸਭ ਤੋਂ ਪਹਿਲਾ **ਚਾਰਵਾਕ** ਮੰਨਿਆ ਜਾਂਦਾ ਹੈ। ਇਸ ਦਾ ਮੋਢੀ ਬ੍ਰਹਿਸਪਤੀ ਮੰਨਿਆਂ ਜਾਂਦਾ ਹੈ। ਇਸ ਦੇ ਪਿੱਛੋਂ ਜੈਨ ਦਰਸ਼ਨ ਲਿਖਿਆ ਗਿਆ। ਜਿਸ ਨੂੰ **ਸਯਾਦਵਾਦ** ਵੀ ਕਹਿੰਦੇ ਹਨ। ਜੈਨੀਆ ਦੇ ਆਖਰੀ ਤੀਰਥਾਂਕਰ ਮਹਾਂਵੀਰ ਦਾ ਸਮਕਾਲੀ ਨਟਪਾਲ ਦੇ ਰਾਜੇ ਦਾ ਪੁੱਤਰ ਸਿਦਾਰਥ ਸੀ। ਉਹਨਾਂ ਦੇ ਨਿਰਵਾਣ ਮਗਰੋਂ ਉਹਨਾਂ ਦੇ ਚੇਲਿਆਂ ਨੇ ਬੁੱਧ ਦੇ ਉਪਦੇਸ਼ਾ ਨਾਲ ਸਬੰਧਤ ਪੋਥੀਆਂ ਲਿਖੀਆਂ ਜਿਹਨਾਂ ਨੂੰ ਪਿਟਕ (ਪਟਾਰੀ) ਕਿਹਾ ਜਾਂਦਾ ਹੈ। ਉਹਨਾਂ ਦੇ ਧਾਰਮਿਕ ਗ੍ਰੰਥ ਨੂੰ ਧਮਪਦ ਕਿਹਾ ਜਾਂਦਾ ਹੈ। ਜਿਸ ਦੇ ਚਾਰ ਸਿਧਾਂਤ ਹਨ। ਇਸ ਪਿੱਛੋਂ ਭਰਥਰੀ ਨੇ ਸੰਸਕ੍ਰਿਤ 'ਚ ਕਈ ਗ੍ਰੰਥਾਂ ਦੀ ਰਚਨਾਂ ਕੀਤੀ। ਜਿਹਨਾਂ ਦਾ ਉਦੇਸ਼ ਵੈਰਾਗ ਦੀ ਪ੍ਰਾਪਤੀ ਸੀ। ਸੰਸਕ੍ਰਿਤ 'ਚ ਕੋਸ਼ਕਾਰੀ ਦਾ ਆਰੰਭ **ਅਮਰਕੋਸ਼** ਤੋਂ ਸ਼ੁਰੂ ਹੁੰਦਾ ਹੈ। ਅਤੇ ਵਿਸ਼ਨੂੰ ਗੁਪਤ ਦਾ ਗ੍ਰੰਥ ਅਰਥਸ਼ਾਸ਼ਤਰ ਵੀ ਸੰਸਕ੍ਰਿਤ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਨਾਟਕ ਅਤੇ ਉਪਨਿਆਸ ਵੀ ਲਿਖੇ ਗਏ। ਸੰਗੀਤ ਅਤੇ ਜੁਗਰਾਫੀਆਂ ਬਾਰੇ ਵੀ ਸੰਸਕ੍ਰਿਤ ਵਿੱਚ ਲਿਖਿਆ ਗਿਆ ਹੈ। ਆਰੀਆ ਭੱਟ ਨੇ ਵੀ ਸੰਸਕ੍ਰਿਤ 'ਚ ਜੋਤਿਸ਼ (astrology) ਬਾਰੇ ਲਿਖਿਆ ਹੈ। ਸੰਸਕ੍ਰਿਤ ਵਿੱਚ ਇਤਿਹਾਸ ਦੀ "**ਰਾਜ ਤਿਰੰਗਣੀ**" ਜਿਹੜੀ ਕਿ ਪੰਡਤ ਕਲ੍ਹਣ ਦੀ ਰਚਨਾਂ ਹੈ, ਵੀ ਮਿਲਦੀ ਹੈ। ਇਸ ਤੋਂ ਇਲਾਵਾ ਪੁਰਾਣੇ ਸ਼ਾਸ਼ਕਾ ਦੇ archaeology ਦੁਆਰਾ ਇਕੱਠੇ ਕੀਤੇ ਗਏ ਸ਼ਿਲਾਲੇਖ ਵੀ ਮਿਲਦੇ ਹਨ। ਸੰਸਕ੍ਰਿਤ ਕਈ ਲਿੱਪੀਆ ਵਿੱਚ ਲਿਖੀ ਜਾਂਦੀ ਰਹੀ ਹੈ। ਜਿਵੇਂ ਪਾਲੀ ਲਿੱਪੀ ਵਿੱਚ, ਗੁਪਤਾ ਲਿਪੀ, ਮਾਗਧੀ ਲਿਪੀ, ਟਾਕਰੀ ਲਿੱਪੀ, ਮੌੜੀ ਲਿਪੀ ਅਤੇ ਹੁਣ ਦੇਵਨਾਗਰੀ ਵਿੱਚ ਲਿਖੀ ਜਾਂਦੀ ਹੈ।

**ਆਰੀਆ ਰਾਜਿਆਂ ਨੇ ਸੰਸਕ੍ਰਿਤ ਨੂੰ ਰਾਜ ਦੀ ਸਰਕਾਰੀ ਬੋਲੀ ਬਣਾਇਆ :** ਉਸ ਵੇਲੇ ਕਈ ਸਰਕਾਰੀ ਬੋਲੀਆ ਵੀ ਚਲਦੀਆ ਰਹੀਆ। ਜਿਹਨਾਂ ਨੂੰ ਪ੍ਰਾਕ੍ਰਿਤ ਵੀ ਕਿਹਾ ਜਾਂਦਾ ਹੈ। ਜਿਵੇ ਮਾਗਧੀ, ਅਰਧ ਮਾਗਧੀ, ਮਹਾਰਾਸ਼ਟਰੀ, ਸ਼ੂਰਸੈਨੀ, ਪਸ਼ਾਚੀ ਆਦਿ। ਜਦਕਿ ਪ੍ਰਾਕ੍ਰਿਤਕ ਗਰੈਮੇਰੀਅਨ ਡਾ. ਪਿੱਛਲ਼ ਨੇ ਆਪਣੇ ਪ੍ਰਕ੍ਰਿਤ ਵਿਆਕਰਨ ਵਿੱਚ 70 ਪ੍ਰਕਿਤਾਂ ਦਾ ਜ਼ਿਕਰ ਕੀਤਾ ਹੈ। ਉਹਨਾਂ ਦੀਆਂ ਪਛਾਣਾ ਕਰਨੀਆ ਬਹੁਤ ਔਖੀਆ ਹਨ।

ਬੋਧੀਆਂ ਦੀ "**ਲਲਿਤ ਵਿਸਥਾਰ**" ਪੋਥੀ ਜਿਹਦੇ ਵਿੱਚ 60 ਲਿੱਪੀਆਂ ਦਾ ਜ਼ਿਕਰ ਆਉਂਦਾ ਹੈ, ਜਿਹਨਾਂ 'ਚੋਂ ਥੋੜੀਆਂ ਲਿੱਪੀਆ ਦੀ ਹੀ ਪਛਾਣ ਹੋ ਸਕਦੀ ਹੈ ਜਾਂ ਹੋਈ ਹੈ।

**ਸੰਸਕ੍ਰਿਤ ਵਿੱਚ ਮਿਲਾਵਟ :** ਪ੍ਰਾਕ੍ਰਿਤ ਬੋਲੀਆਂ ਦੇ ਚਲਦਿਆ ਹੋਇਆ ਸੰਸਕ੍ਰਿਤ ਉਹਨਾਂ ਦੇ ਪ੍ਰਭਾਵ ਤੋਂ ਅਸ਼ੋਹ ਨਹੀ ਰਹਿ ਸਕੀ। ਅਤੇ ਅਨੇਕਾਂ ਸ਼ਬਦ ਇਹਨਾਂ ਨੇ ਪ੍ਰਾਕ੍ਰਿਤਾਂ ਵਿੱਚੋਂ ਉਧਾਰੇ ਲਏ। ਇਸ ਤਰਾਂ ਪ੍ਰਾਕ੍ਰਿਤਾਂ ਨੇ ਵੀ ਸੰਸਕ੍ਰਿਤ ਚੋਂ ਸ਼ਬਦ ਉਧਾਰੇ ਲਏ। ਇਸ ਤਰਾਂ ਸਿੱਟਾਂ ਇਹ ਨਿਕਲਦਾ ਹੈ ਕਿ ਸੰਸਕ੍ਰਿਤ ਵਿੱਚ ਵੀ ਕਾਫੀ ਮਿਲਾਵਟ ਹੈ। ਸੰਸਕ੍ਰਿਤ ਦੇ ਪ੍ਰਾਯਾਵਾਚੀ ਸ਼ਬਦਾ ਤੋਂ ਵੀ ਪਤਾ ਚਲਦਾ ਹੈ ਕਿ ਸੰਸਕ੍ਰਿਤ ਵਿੱਚ ਕਾਫੀ ਮਿਲਾਵਟ ਹੋਈ ਹੈ ਅਤੇ ਪ੍ਰਾਕ੍ਰਿਤ ਦੇ ਸ਼ਬਦ ਅਪਣਾ ਲਏ ਹਨ। ਇਸ ਦੇ ਸਬੂਤ ਵਜੋਂ T.Burru ਦੀ ਕਿਤਾਬ The Sanskrit Litterature ਵਿੱਚ ਚੰਗੀ ਤਰਾਂ ਦੇਖਿਆਂ ਜਾ ਸਕਦਾ ਹੈ ਕਿ ਜਿਵੇਂ ਪਾਣੀ ਦੇ ਕਈ ਨਾਮ, ਸੂਰਜ ਦੇ ਕਈ ਨਾਮ, ਜੜੀਆਂ ਬੂਟੀਆ ਦੇ ਕਈ ਨਾਮ, ਡੰਗਰਾਂ ਦੇ ਨਾਮ, ਭਾਂਡਿਆ ਦੇ ਨਾਮ, ਜਾਤਾਂ ਦੇ ਨਾਮ, ਕਬੀਲਿਆ ਦੇ ਨਾਮ, ਜੁਗਰਾਫੀਆ ਅਤੇ ਸਥਾਨਾਂ ਦੇ ਨਾਮ ਆਦਿ। ਡਾ. ਪਿਛਲ਼ ਦੇ ਅਨੁਸਾਰ ਸੰਸਕ੍ਰਿਤ ਨੇ ਕਈ Suffix ਪ੍ਰਕ੍ਰਿਤਾਂ ਤੋਂ ਉਧਾਰੇ ਲਏ ਹਨ। ਜਿਵੇ ਆਲਿਆ, ਵਲੀ ਅਤੇ ਇਸ ਤੋਂ ਇਲਾਵਾ

ਕਈ ਕਬੀਲਿਆਂ ਦੇ ਨਾਂ ਵੀ ਮਿਲਦੇ ਹਨ। ਜੋ ਪ੍ਰਾਕ੍ਰਿਤ ਵਿੱਚ ਵੀ ਮਿਲਦੇ ਹਨ। ਇਸ ਤੋਂ ਇਲਾਵਾ ਦ੍ਰਾਵਿੜੀਅਨ ਬੋਲੀਆਂ ਵੀ ਬੋਲੀਆਂ ਜਾਂਦੀਆਂ ਸਨ। ਸੰਸਕ੍ਰਿਤ ਨੇ ਇਹਨਾਂ 'ਚੋਂ ਵੀ ਸ਼ਬਦ ਲਏ ਹਨ। ਦ੍ਰਾਵਿੜ ਬੋਲੀਆਂ ਨੇ ਵੀ ਸੰਸਕ੍ਰਿਤ 'ਚੋਂ ਸ਼ਬਦ ਲਏ ਹਨ। ਦ੍ਰਾਵਿੜ ਦਾ ਪ੍ਰਤੱਖ ਸ਼ਬਦ ਦ੍ਰਾਵਿੜਾ ਜੋ ਕਿ ਸੰਸਕ੍ਰਿਤ ਵਿੱਚੋਂ ਲਿਆ ਗਿਆ ਹੈ। ਦ੍ਰਾਵਿੜਾ ਦਾ ਆਪਣਾ ਸ਼ਬਦ ਕੁਲਾਰੀ ਹੈ। ਜਦਕਿ ਸੰਸਕ੍ਰਿਤ ਦਾ ਸ਼ਬਦ ਦ੍ਰਾਵਿੜ ਪ੍ਰਸਿੱਧ ਹੋ ਗਿਆ। ਸੰਸਕ੍ਰਿਤ ਦਾ ਅਰਥ ਹੈ ਸੋਧੀ ਹੋਈ ਬੋਲੀ ਜਿਸ ਵਿੱਚ ਬਹੁਤ ਸਾਰੇ ਸੰਸਕ੍ਰਿਤ ਵਿਦਵਾਨਾਂ ਦਾ ਯੋਗਦਾਨ ਹੈ।

**ਸੰਸਕ੍ਰਿਤ ਦਾ ਵਿਆਕਰਨਿਕ ਢਾਂਚਾ :** ਸੰਸਕ੍ਰਿਤ ਵਿੱਚ ਧੁਨੀਆਂ ਤੋਂ ਸ਼ਬਦ ਬਣਿਆ ਮੰਨਿਆ ਜਾਂਦਾ ਹੈ। ਜਿਸ ਨੂੰ ਯੋਜਕਾ ਨਾਲ ਜੋੜ ਕੇ ਵਾਕ ਬਣਾਇਆ ਜਾਂਦਾ ਹੈ।

ਵਾਕ ਵਿੱਚ ਕਈ ਪੱਖ ਕੰਮ ਕਰਦੇ ਹਨ। ਜਿਵੇਂ ਕਿਰਿਆ, ਨਾਂਵ, ਪੜਨਾਂਵ, ਕਿਰਿਆ ਵਿਸ਼ੇਸ਼ਣ, ਅਤੇ ਵਿਸ਼ੇਸ਼ਣ ਆਦਿ। ਸੰਸਕ੍ਰਿਤ ਵਿੱਚ ਕਿਰਿਆ ਦੇ ਚਿੰਨ੍ਹ ਨੂੰ ਤਿਙੰਤ ਕਿਹਾ ਜਾਂਦਾ ਹੈ। ਅਤੇ ਵਿਭਕਤਿ (case) ਜਿਸ ਦਾ ਚਿੰਨ੍ਹ ਸੁਬੰਤ ਹੈ। ਧਾਤੂ ਨੂੰ Suffix ਲਗਾ ਕੇ ਸਮੇਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਸਮਾਂ ਤਿੰਨ ਕਾਲ਼ਾ ਵਿੱਚ ਵੰਡਿਆ ਜਾਂਦਾ ਹੈ। ਪ੍ਰਤਯ (Suffix) – ਧਾਤੂ ਨਾਲੋਂ ਵਖਰੇ, ਲਗਾਂ ਅਤੇ ਅੱਖਰਾਂ ਨੂੰ ਲਗਾ ਕੇ ਸ਼ਬਦ ਬਣਾਇਆ ਜਾਂਦਾ ਹੈ।

**ਯੋਜਕ :** ਜਿਹੜਾ ਘੱਟੋ-ਘੱਟ ਦੋ ਸ਼ਬਦਾ ਨੂੰ ਆਪਸ ਵਿੱਚ ਜੋੜਦਾ ਹੈ, ਉਸ ਨੂੰ ਯੋਜਕ ਕਿਹਾ ਜਾਂਦਾ ਹੈ।

**ਸੰਧੀ :** ਦੋ ਜਾਂ ਦੋ ਤੋਂ ਵੱਧ ਸ਼ਬਦਾ ਦੀ ਕਰਿੰਗੜੀ ਪੈਣਾ, ਨੂੰ ਸੰਧੀ ਕਹਿੰਦੇ ਹਨ।

**ਸਮਾਸ :** ਦੋ ਜਾਂ ਦੋ ਤੋਂ ਵੱਧ ਸ਼ਬਦਾ ਨੇ ਨੇੜ ਨੂੰ ਸਮਾਸ ਕਿਹਾ ਜਾਂਦਾ ਹੈ।

**ਵੇਰਵਾ :** ਸੰਸਕ੍ਰਿਤ ਵਿੱਚ ਦੋ ਤਰਾਂ ਦੀਆਂ ਕਿਰਿਆਵਾਂ ਮੰਨੀਆ ਜਾਂਦੀਆ ਹਨ ਜਿਹਨਾਂ ਨੂੰ ਲਕਾਰ (Tense) ਮੰਨਿਆ ਜਾਂਦਾ ਹੈ। ਜਿਵੇਂ ਕਿ ਪਰਸਮੈਪਦੀ ਅਤੇ ਆਤਮਨੇਪਦੀ। ਪਰਸਮੈਪਦੀ ਦੇ ਅਲੱਗ Suffix ਹਨ ਅਤੇ ਆਤਮਨੇਪਦੀ ਦੇ ਅਲੱਗ Suffix ਹਨ। ਇਹਨਾਂ ਦੋਹਾਂ ਨੂੰ ਮਿਲਾ ਕੇ ਕਿਰਿਆ ਦੇ 18 ਰੂਪ ਬਣਦੇ ਹਨ।

**ਸੁਬੰਤ :** ਜਿਹੜਾ ਕਿ ਕਾਰਕਾਂ ਦੀਆਂ ਵਿਭਕਤੀਆਂ ਦੇ ਚਿੰਨ ਹਨ। ਇਹ ਕੁੱਲ ਮਿਲਾ ਕੇ 21 ਰੂਪ ਮੰਨੇ ਗਏ ਹਨ। ਜਿਵੇਂ ਕਿ ਇੱਕ ਬਚਨ, ਦੋ ਬਚਨ ਅਤੇ ਬਹੁ-ਬਚਨ ਆਦਿ।

**Gender :** ਸੰਸਕ੍ਰਿਤ ਵਿੱਚ ਤਿੰਨ Gender ਮੰਨੇ ਗਏ ਹਨ। ਜਿਵੇ ਕਿ ਇਸਤਰੀ ਲਿੰਗ, ਪੁਰਸ਼ ਲਿੰਗ ਅਤੇ ਨਿਪੁੰਸਕ ਲਿੰਗ।

**ਬਚਨ :** ਸੰਸਕ੍ਰਿਤ ਵਿੱਚ ਤਿੰਨ ਬਚਨ ਮੰਨੇ ਗਏ ਹਨ। ਜਿਵੇਂ ਕਿ ਇਕ ਬਚਨ, ਦੋ ਬਚਨ ਅਤੇ ਬਹੁ-ਬਚਨ।

**ਕ੍ਰਿਦੰਤ (Mood) :** ਇਹ ਸੰਸਕ੍ਰਿਤ ਵਿੱਚ 6 ਮੰਨੇ ਗਏ ਹਨ।

**ਸੰਸਕ੍ਰਿਤ ਦਾ ਸੁੰਗੜਆ ਹੋਣਾ :** ਜਿੱਥੇ ਸੰਸਕ੍ਰਿਤ ਗਰੈਮੇਰੀਅਨਾਂ ਨੇ ਸੰਸਕ੍ਰਿਤ ਨੂੰ ਬੁਲੰਦੀਆਂ ਤੇ ਪਹੁੰਚਾਇਆ ਉੱਥੇ ਸਿੱਟਾ ਇਹ ਨਿਕਲਿਆ ਕਿ ਵਿਆਕਰਿਤ ਭਾਸ਼ਾ ਅਤੇ ਲੋਕ ਭਾਸ਼ਾ ਨਾਲੋਂ ਅਡਰੇਂਵਾ ਸ਼ੁਰੂ ਹੋ ਗਿਆ ਕਿਉਕਿ ਲੋਕ ਰਾਜ ਦੇ ਦਬਾਅ ਕਾਰਣ ਆਪਣੀਆਂ ਲੋੜਾਂ ਖਾਤਰ ਸੰਸਕ੍ਰਿਤ ਪੜਦੇ ਅਤੇ ਸਿੱਖਦੇ ਸਨ। ਜੋ ਉਹਨਾਂ ਨੂੰ ਰਾਜ ਦੁਆਰਾ ਸੁਵਿਧਾ ਮਿਲੀ ਅਤੇ ਉਸ ਨਾਲ ਉਹਨਾਂ ਦਾ ਮਾਣ ਵਧਦਾ ਸੀ। ਭਾਰਤ ਦੇ ਰਾਜਨੀਤਿਕ ਦੇ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਵੱਖੋ ਵੱਖਰੇ ਸਮਿਆਂ ਤੇ ਆਪੋ ਆਪਣੇ ਕਬੀਲਿਆਂ ਦੀ ਸ਼ਕਤੀ

ਵਧਾਉਣ ਲਈ ਲੜਦੇ ਰਹੇ ਅਤੇ ਦੂਜਿਆ ਰਾਜਿਆ ਤੋਂ ਸੱਤਾ ਖੋ ਕੇ ਆਪਣਾ ਰਾਜ ਸਥਾਪਤ ਕਰਦੇ ਰਹੇ। ਕਬੀਲਿਆਂ ਦੀਆਂ ਵੱਖਰੋ-ਵੱਖਰੀ ਭਾਸ਼ਾ ਹੋਣ ਕਰਕੇ ਸਥਾਪਤ ਭਾਸ਼ਾ ਦੇ ਖਿਲਾਫ ਵੀ ਅਵਾਜ਼ ਬੁਲੰਦ ਕਰਦੇ ਰਹੇ ਹਨ ਅਤੇ ਪਹਿਲੀ ਭਾਸ਼ਾ ਨੂੰ ਹਟਾ ਕੇ ਆਪਣੀ ਭਾਸ਼ਾ ਨੂੰ ਸਥਾਪਤ ਕਰਦੇ ਰਹੇ। ਜੇਕਰ ਕਿਸੇ ਕਬੀਲੇ ਦੇ ਰਾਜੇ ਕੋਲ ਆਪਣੀ ਵਿਕਸਿਤ ਭਾਸ਼ਾ ਨਹੀ ਹੁੰਦੀ ਤਾਂ ਉਹ ਆਪਣੀ ਲਿੱਪੀ ਵਿਕਸਿਤ ਕਰਕੇ ਆਪਣਾ ਬੁੱਤਾ ਸਾਰ ਲੈਂਦੇ ਸਨ। ਇਸ ਤਰਾਂ ਜਿੱਥੇ ਸਥਾਨਕ ਭਾਸ਼ਾ ਨੂੰ ਉੱਭਰਨ ਦਾ ਮੌਕਾ ਮਿਲਿਆ ਉੱਥੇ ਵੱਖੋ-ਵਖਰੀਆਂ ਲਿੱਪੀਆਂ ਨੂੰ ਵੀ ਉੱਭਰਨ ਦਾ ਮੌਕਾ ਮਿਲਿਆ। ਅਜਿਹਾ ਅਸੀਂ Archaeology ਦੁਆਰਾ ਇਕੱਠੇ ਕੀਤੇ ਗਏ ਸ਼ਿਲਾਲੇਖਾਂ ਅਤੇ ਹੋਰ ਸ਼ੀਲਾ ਲੇਖਾ ਤੋਂ ਮਿਲੀ ਸਮੱਗਰੀ ਤੋਂ ਅੰਦਾਜ਼ਾ ਲਗਾ ਸਕਦੇ ਹਾਂ। ਜਿਵੇ ਅਸ਼ੋਕ ਨੇ ਸੰਸਕ੍ਰਿਤ ਹਟਾ ਕੇ ਮਾਗਧੀ ਨੂੰ ਲਾਗੂ ਕਰਕੇ ਇਸ ਨੂੰ ਰਾਜ ਭਾਸ਼ਾ ਬਣਾਇਆ ਅਤੇ ਲਿੱਪੀ ਪਾਲੀ ਰੱਖੀ ਗਈ। ਇਸ ਦੇ ਨਮੂਨੇ ਅਸੀਂ Essyas on an Indian Antiquity 'ਚ ਦੇਖ ਸਕਦੇ ਹਾਂ। ਅਸ਼ੋਕ ਦੇ ਪਿੱਛੋਂ ਵਿਰੋਧੀਆਂ ਨੇ ਫਿਰ ਸੰਸਕ੍ਰਿਤ ਵੱਲ ਮੋੜਾ ਕੱਟਿਆ। ਉਹਦੀ ਪਾਲੀ ਲਿੱਪੀ ਵਿੱਚ ਦੋ ਹੋਰ ਧੁਨੀਆ ਸ਼ਾਮਿਲ ਕਰਕੇ ਸੰਸਕ੍ਰਿਤ ਲਿਖਣ ਦੇ ਕਾਬਲ਼ ਬਣਾਇਆ। ਕਈ ਪਾਲੀ ਲਿੱਪੀ ਦੇ ਨਮੂਨੇ ਵੀ ਬਦਲੇ। ਇਹ ਅਸੀਂ Archaeology ਦੀਆਂ ਹੋਰ ਲੱਭਤਾਂ ਜਿਹੜੀਆ ਕਿ ਅਲਾਹਾਵਾਦ ਦੇ ਸ਼ਿਲਾਲੇਖ ਨਾਲ ਸਬੰਧਤ ਹੈ ਜੋ ਕਿ ਦੂਜੀ ਸਦੀ B.C ਦੀ ਹੈ, ਵਿੱਚ ਦੇਖ ਸਕਦੇ ਹਾਂ। ਜਿਸ ਵਿੱਚ ਕਈ ਧੁਨੀਆ ਪਰਵਰਤਿਤ ਕੀਤੀਆ ਗਈਆ ਹਨ। ਜੋ ਕਿ ਪੰਜਾਬ ਦੀ ਪੁਰਾਣੀ ਲਿੱਪੀ ਟਾਕਰੀ ਦੇ ਨਾਲ ਸਾਮੇਂ ਹੀ ਹਨ।

ਕਾਲੰਤਰ ਦੇ ਨਾਲ ਉੱਤਰੀ ਭਾਰਤ 'ਚ ਕਈ ਲਿੱਪੀਆ ਵਿਕਸਿਤ ਹੋਈਆ। ਜਿਹਨਾਂ ਸ਼ਿਲਾਲੇਖਾਂ ਦਾ ਮੀਡੀਅਮ ਭਾਵੇ ਸੰਸਕ੍ਰਿਤ ਸੀ ਪਰ

ਰਾਜਿਆ ਨੇ ਆਪਣੀ ਹੋਂਦ ਦੱਸਣ ਲਈ ਵੱਖੋ-ਵੱਖਰੀਆਂ ਲਿੱਪੀਆ ਨੂੰ ਵਿਕਸਿਤ ਕਰਵਾਇਆ। ਉਹਨਾਂ ਲਿੱਪੀਆ ਨੂੰ ਰਾਜ ਲਿੱਪੀ ਅਤੇ ਸੰਸਕ੍ਰਿਤ ਨੂੰ ਰਾਜ ਭਾਸ਼ਾ ਬਣਾਇਆ। ਸੰਸਕ੍ਰਿਤ ਨੂੰ ਸਥਾਪਤ ਕਰਨ ਲਈ ਰਾਜੇ ਆਪਣੇ ਖਜ਼ਾਨੇ ਵਿਚੋਂ ਧੰਨ ਖਰਚਦੇ ਰਹੇ ਤਾਂ ਕਿ ਸੰਸਕ੍ਰਿਤ, ਜਿਸ ਨੂੰ ਦੇਵਤਿਆਂ ਦੀ ਭਾਸ਼ਾ ਕਿਹਾ ਜਾਂਦਾ ਹੈ, ਉਹ ਪ੍ਰਗਤੀ ਦੇ ਰਾਂਹ ਤੇ ਪੈ ਜਾਵੇ। ਸੱਤਵੀ ਸਦੀ ਦੇ ਸਿੰਧ ਹਮਲੇ ਤੇ ਮੀਰ ਕਾਸਿਮ ਨੇ ਇਲਾਕੇ ਨੂੰ ਜਿੱਤਿਆ ਅਤੇ ਇੱਕ ਕਸਬਾ ਵਸਾਇਆਂ ਜਿਸ ਦਾ ਨਾਂ **ਅਲ ਮਨਸੂਰਾਂ** ਰੱਖਿਆ। ਸਿੰਧ ਦੇ ਰਾਜੇ ਸਾਹਸੀ ਰਾਜੇ ਅਖਵਾਉਦੇ ਸਨ। ਜਿਹਨਾਂ ਦੀ ਰਾਜ ਭਾਸ਼ਾ ਸੰਸਕ੍ਰਿਤ ਸੀ ਅਤੇ ਲਿੱਪੀ ਅਸ਼ੋਕ ਦੀ ਪਰਵਰਤਿਤ ਲਿੱਪੀ ਸੀ। ਇੰਜ ਇਵੇਂ ਬਾਹਰੋਂ ਸ਼ਾਸ਼ਕ ਜਿਹਦਾ ਭਾਰਤੀ ਧਰਮਾਂ ਵਿੱਚ ਵਿਸ਼ਵਾਸ ਨਹੀ ਸੀ, ਉਸ ਨੇ ਹੌਲੀ-ਹੌਲੀ ਆਪਣੇ ਧਰਮ, ਭਾਸ਼ਾ ਅਤੇ ਲਿੱਪੀ ਦਾ ਪ੍ਰਚਾਰ ਕੀਤਾ। ਸਾਹਸੀ ਰਾਜੇ ਹਿੰਦੂ ਧਰਮ ਅਤੇ ਸੰਸਕ੍ਰਿਤ ਭਾਸ਼ਾ ਨੂੰ ਮੰਨਣ ਵਾਲੇ ਸਨ। ਕੁਝ-ਕੁਝ ਪਾਲੀ ਦਾ ਵੀ ਪ੍ਰਚਾਰ ਰਿਹਾ। ਜਦਕਿ ਬਾਹਰਲੇ ਹਾਕਮਾਂ ਦਾ ਸਬੰਧ ਨਾ ਤਾਂ ਪਾਲੀ ਨਾਲ ਸੀ ਅਤੇ ਨਾ ਤਾਂ ਸੰਸਕ੍ਰਿਤ ਨਾਲ ਸੀ ਅਤੇ ਨਾ ਹੀ ਪਰਜਾ ਦੇ ਬੋਲੀ ਨਾਲ ਸੀ। ਸਿੱਟਾ ਇਹ ਨਿਕਲਿਆ ਹਾਕਮਾਂ ਦੇ ਬਦਲਣ ਨਾਲ ਨਵੇਂ ਹਾਕਮਾਂ ਦੀ ਭਾਸ਼ਾ ਅਤੇ ਲਿੱਪੀ ਅਨੁਸਾਰ ਰਾਜ ਦੀ ਭਾਸਾਂ ਅਤੇ ਲਿੱਪੀ ਬਦਲ ਗਈ। ਉਸ ਪਿੱਛੋਂ ਸਿੰਧ ਵਿੱਚ ਕਈ ਲਿੱਪੀਆਂ ਵਿਕਸਿਤ ਹੋਈਆ। ਲੋਕ ਆਪਣੀ ਭਸ਼ਾ ਨੂੰ ਉਭਾਰਨ ਵਿੱਚ ਕਾਮਯਾਬ ਹੋ ਗਏ। ਉਹਨਾਂ ਨੇ ਸਿੰਧੀ ਬੋਲੀ ਨੂੰ ਮਾਣ ਬਖਸ਼ਿਆ। ਪੰਜਾਬ ਦੇ ਪਹਾੜੀ ਰਾਜਿਆ ਨੇ ਅਤੇ ਚੰਬੇ ਦੇ ਰਾਜੇ, ਕੁੱਲੂ ਦੇ ਰਾਜੇ ਆਦਿ ਨੇ ਸੰਸਕ੍ਰਿਤ ਟਾਕਰੀ ਲਿੱਪੀ ਵਿੱਚ ਰਾਜ ਭਾਸ਼ਾ ਬਣਾਈ। ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਕਲ੍ਹਣ ਪੰਡਿਤ ਨੇ ਬਾਰਵੀਂ ਸਦੀ ਵਿੱਚ "**ਰਾਜ ਤਿਰੰਗਣੀ**" ਨਾਮ ਦੀ ਕਿਤਾਬ ਸੰਸਕ੍ਰਿਤ ਵਿੱਚ ਲਿਖੀ

ਅਤੇ ਇਸ ਦੀ ਲਿੱਪੀ ਟਾਕਰੀ ਸੀ। ਸਿੰਧ ਦੇ ਪਿੱਛੋ ਲਗਭਗ ਤਿੰਨ ਜਾਂ ਚਾਰ ਸੌ ਸਾਲ ਬਾਅਦ ਇਸਲਾਮੀ ਹਕੂਮਤ ਆਈ। ਇਸ ਦੇ ਹਾਕਮਾਂ ਦੀ ਬੋਲੀ ਨਾਂ ਤਾਂ ਸੰਸਕ੍ਰਿਤ ਸੀ ਅਤੇ ਨਾ ਤਾਂ ਪਾਲੀ ਸੀ ਅਤੇ ਨਾ ਹੀ ਪੰਜਾਬੀ। ਉਹ ਤੁਰਕੀ ਨਸਲ ਨਾਲ ਸਬੰਧ ਰੱਖਦੇ ਸਨ। ਉਹਨਾਂ ਦਾ ਧਰਮ ਇਸਲਾਮ ਸੀ। ਉਹਨਾਂ ਨੇ ਅਰਬੀ ਲਿੱਪੀ ਅਤੇ ਬੋਲੀ ਨੂੰ ਹੀ ਅੱਗੇ ਵਧਾਇਆ। ਇੱਥੇ ਦੀ ਬੋਲੀ ਪੰਜਾਬੀ ਸੀ ਜਿਸ ਨਾਲ ਹਾਕਮਾਂ ਦਾ ਕੋਈ ਲਗਾਅ ਨਹੀ ਸੀ। ਕਈ ਲੋਕ ਇਸਲਾਮ ਵਿੱਚ ਆਉਣੇ ਸ਼ੁਰੂ ਹੋ ਗਏ। ਇੱਥੋ ਇਲਾਕਾਈ ਬੋਲੀਆਂ ਦਾ ਦਬ ਦਬਾਅ ਹੋਣਾ ਸ਼ੁਰੂ ਹੋ ਗਿਆ। ਲੋਕਾਂ ਨੇ ਆਪੋ ਆਪਣੀਆ ਬੋਲੀਆ ਵਿੱਚ ਲਿਖਣਾ ਸ਼ੁਰੂ ਕੀਤਾ। ਪੰਜਾਬੀ ਦੇ ਸਾਹਿਤ ਦੇ ਇਤਿਹਾਸ ਵਿੱਚ ਲਿਖਿਆ ਹੈ ਜੋ ਕਿ **ਭਾਸ਼ਾ ਵਿਭਾਗ ਪੰਜਾਬ** ਨੇ ਛਾਪਿਆ ਹੈ, ਜਿਸ ਵਿੱਚ ਲਿਖਿਆਂ ਹੈ ਕਿ **ਪੰਜਾਬੀ ਦਾ ਪਹਿਲਾ ਲਿਖਾਰੀ ਅਬਦੁੱਲ ਰਹਿਮਾਨ ਹੋਇਆ ਹੈ**। ਇਹ ਘਟਨਾ ਮਹਿਮੂਦ ਗਜ਼ਨਵੀ ਦੇ ਵੇਲੇ ਦੀ ਹੈ। ਕਿਉਕਿ ਲੋਕ ਆਰੀਆ ਜਾਤੀ ਦੇ ਨਹੀ ਸਨ ਅਤੇ ਨਾ ਹੀ ਬ੍ਰਾਹਮਣੀਕਲ ਸਿਸਟਮ ਨਾਲ ਸਬੰਧਤ ਸਨ। ਇਸ ਕਰਕੇ ਸਥਾਨਕ ਬੋਲੀ ਬੋਲਦੇ ਸਨ। ਇਸ ਕਰਕੇ ਉਹਨਾਂ ਦੀ ਆਪਣੀ ਬੋਲੀ ਨੂੰ ਪਣਪਨੇ ਦਾ ਮੌਕਾ ਮਿਲਿਆ। ਸਿੰਧ ਸੂਬੇ ਵਿੱਚ ਭਗਤ ਸਧਨਾ ਜੀ ਹੋਏ ਹਨ, ਜਿਸ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ। ਉਹ ਸਥਾਨਕ ਬੋਲੀ ਸਿੰਧ ਦੀ ਹੀ ਹੈ। ਅਤੇ ਪੰਜਾਬੀ ਬੋਲੀ ਦਾ ਮਿਸ਼ਰਨ ਹੈ। ਬਾਬਾ ਫਰੀਦ ਇੱਕ ਸੂਫੀ ਫਕੀਰ ਹੋਏ ਹਨ, ਉਹਨਾਂ ਦੀ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ। ਉਹਨਾਂ ਦੀ ਬੋਲੀ ਨੂੰ ਲਹਿੰਦੀ ਬੋਲੀ ਕਿਹਾ ਜਾਂਦਾ ਹੈ। ਇਸੇ ਤਰਾਂ ਕਸ਼ਮੀਰ ਵਿੱਚ ਵੀ ਪਰਿਵਰਤਨ ਹੋਇਆ ਹੈ। ਉੱਥੇ ਇਕ ਸੰਤਨੀ ਹੋਈ ਜਿਸ ਨੂੰ ਲੱਲ ਮਾਤਾ ਕਿਹਾ ਜਾਂਦਾ ਹੈ। ਕਸ਼ਮੀਰੀ ਵਿੱਚ ਇਹਨਾਂ ਦਾ ਪਹਿਲਾ ਸਥਾਨ ਅਉਂਦਾ ਹੈ ਅਤੇ ਦੂਜਾ

ਸਥਾਨ ਨੂਰਦੀਨ ਪੀਰ ਦਾ ਆਉਂਦਾ ਹੈ। ਇਸ ਦਾ ਇਹ ਸਿੱਟਾ ਨਿਕਲਦਾ ਹੈ ਕਿ ਸੰਸਕ੍ਰਿਤਵਾਦੀਆ ਨੇ ਲੋਕਲ ਬੋਲੀਆ ਨੂੰ ਦਬਾਇਆ ਹੈ। ਆਰੀਆ ਭਾਸ਼ਾ ਸੰਸਕ੍ਰਿਤ ਨੂੰ ਸਥਾਪਤ ਕੀਤਾ ਗਿਆ ਹੈ। ਜਦਕਿ ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਹੋਰ ਕੋਈ ਬੋਲੀਆਂ ਨਹੀ ਹਨ ਕਿ ਜਿਸ ਵਿੱਚ ਸਾਹਿਤ ਲਿਖਿਆ ਜਾਵੇ। ਸਿਰਫ ਸੰਸਕ੍ਰਿਤ ਹੀ ਦੇਵ ਭਾਸ਼ਾ ਹੈ। ਦਸਯੂ ਲੋਕ ਘਿਚੂ ਮਿਚੂ ਬੋਲੀ ਬੋਲਦੇ ਹਨ, ਇਹਨਾਂ ਦੀ ਕੋਈ ਗੱਲ ਸਮਝ ਨਹੀ ਲਗਦੀ। ਇਸਲਾਮ ਸਰਕਾਰ ਦੂਰ-ਦੂਰ ਤੱਕ ਫੈਲਣ ਨਾਲ ਇਸਲਾਮ ਧਰਮ ਦੀ ਬੋਲੀ ਅਤੇ ਲਿੱਪੀ ਜਿਹੜੇ ਪਹਿਲਾ ਈਰਾਨ ਨੂੰ ਦਬਾਆ ਕੇ ਪਾਰਸੀ ਤੋਂ ਫਾਰਸੀ ਬਣਾ ਚੁੱਕੇ ਸਨ, ਉਹਨਾਂ ਦੇ ਨਾਲ ਕੁੱਛ ਗੈਰ ਅਰਬੀ ਕਬੀਲੇ ਵੀ ਆਏ। ਤੁਰਕੀ ਅਤੇ ਅਫਗਾਨਾਂ ਨੇ ਰਾਜ ਭਾਸ਼ਾ ਫਾਰਸੀ ਨੂੰ ਅਪਣਾਇਆ ਜਿਹੜੀ ਕਿ ਈਰਾਨ ਦੀ ਬੋਲੀ ਸੀ ਅਤੇ ਧਰਮ ਇਸਲਾਮ ਅਪਣਾਇਆ। ਫਾਰਸੀ ਲਈ ਖਜ਼ਾਨੇ 'ਚੋ ਧੰਨ ਵੀ ਖਰਚ ਕੀਤਾ। ਇਸ ਮਜ਼ਬੂਰੀ ਕਰਕੇ ਲੋਕਾਂ ਨੂੰ ਅਰਬੀ ਅਤੇ ਫਾਰਸੀ ਪੜ੍ਹਨੀ ਪਈ ਅਤੇ ਨਾਲ ਹੀ ਆਪਣੀ ਸਥਾਨਕ ਭਾਸ਼ਾ ਨੂੰ ਵੀ ਵਿਕਸਿਤ ਕੀਤਾ। ਇਸਲਾਮ ਰਾਜਿਆਂ ਨੇ ਜਿੱਥੇ ਧਰਮ ਦੀ ਪ੍ਰਗਤੀ ਤੇ ਕੰਮ ਕੀਤਾ, ਉੱਥੇ ਅਰਬੀ ਅਤੇ ਫਾਰਸੀ ਤੇ ਵੀ ਕੰਮ ਕੀਤਾ ਅਤੇ ਇਸ ਤੇ ਧੰਨ ਵੀ ਖਰਚ ਕੀਤਾ। ਲੋਕਾਂ ਨੂੰ ਮਜ਼ਬੂਰੀ ਨਾਮ ਇਹ ਬੋਲੀਆਂ ਪੜ੍ਹਨੀਆ ਪਈਆਂ। ਜਿਵੇਂ ਅੰਗਰੇਜ਼ਾ ਦੇ ਆਉਣ ਨਾਲ ਅੰਗਰੇਜ਼ੀ ਪੜ੍ਹਨੀ ਸ਼ੁਰੂ ਕੀਤੀ। ਜਿਵੇਂ-ਜਿਵੇਂ ਅੰਗਰੇਜ਼ਾ ਦੇ ਕਬਜ਼ੇ ਵਾਲਾ ਇਲਾਕਾ ਵੱਧਦਾ ਗਿਆ ਤਿਵੇਂ-ਤਿਵੇਂ ਅੰਗਰੇਜ਼ੀ ਬੋਲੀ ਦਾ ਰੁੱਤਬਾ ਵੱਧਦਾ ਗਿਆ। ਲੋਕ ਈਸਾਈ ਧਰਮ ਵੱਲ ਅਕਰਸ਼ਤ ਹੋਏ। ਅੰਗਰੇਜ਼ਾ ਦੇ ਧਾਰਮਿਕ ਆਗੂਆਂ ਨੇ ਲੋਕ ਬੋਲੀਆਂ ਵਿੱਚ ਬਾਈਬਲ ਛਪਾਉਣਾ ਸ਼ੁਰੂ ਕੀਤਾ। ਕਿਉਕਿ ਬਾਈਬਲ ਦਾ ਉਦੇਸ਼ ਸੀ ਕਿ ਲੋਕ ਬਾਈਬਲ ਆਪਣੀ ਬੋਲੀ ਵਿੱਚ ਸਮਝ ਸਕਣ ਅਤੇ ਈਸਾਈ ਧਰਮ

ਵੱਲ ਪ੍ਰੇਰਤ ਹੋਣ। ਅੰਗਰੇਜ਼ਾ ਦੀ ਬੋਲੀ ਨਾ ਤਾਂ ਸੰਸਕ੍ਰਿਤ ਸੀ, ਨਾ ਤਾਂ ਅਰਬੀ ਅਤੇ ਨਾ ਹੀ ਸਥਾਨਕ ਬੋਲੀ ਸੀ। ਅੰਗਰੇਜ਼ਾ ਦਾ ਮੁੱਖ ਉਦੇਸ਼ ਧਾਰਮਿਕ ਸਮੱਗਰੀ ਜਾਂ ਲੋਕ ਬੋਲੀ ਵਿੱਚ ਪ੍ਰਚਾਰ ਕਰਨਾ ਤਾਂ ਕਿ ਸਥਾਨਕ ਲੋਕਾਂ ਨੂੰ ਧਰਮ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਰਾਜ ਦੀ ਸਹਾਇਤਾ ਕਰਵਾਈ ਜਾਵੇ। ਪੰਜਾਬ ਦਾ ਪਹਿਲਾ **ਗੁਰਮੁਖੀ ਪ੍ਰੈਸ** ਈਸਾਈ ਮਿਸ਼ਨਰੀਆਂ ਨੇ ਹੀ 1808 ਈ. ਵਿੱਚ ਮੌਜੂਦਾ ਲੁਧਿਆਣੇ ’ਚ C.M.C ਹਸਪਤਾਲ ਦੇ ਨੇੜੇ ਲਗਾਇਆ ਸੀ। ਇਸ ਤਰਾਂ ਧਾਰਮਿਕ ਅਤੇ ਪੰਜਾਬੀ ਸਾਹਿਤ ਛਾਪਣਾ ਸ਼ੁਰੂ ਕੀਤਾ। ਪੰਜਾਬੀ ਵਿਆਕਰਨ ਦਾ ਪਹਿਲਾ ਕਰਤਾ ਪ੍ਰੋ. ਕੈਰੀ ਨੂੰ ਮੰਨਿਆਂ ਜਾਂਦਾ ਹੈ। ਈਸਾਈ ਧਾਰਮਿਕ ਸਾਹਿਤ ਬਾਈਬਲ ਵੀ ਗੁਰਮੁਖੀ ਵਿੱਚ ਛਾਪਿਆ ਤਾਂ ਕਿ ਲੋਕ ਬੋਲੀ ਵਿੱਚ ਧਰਮ ਅਤੇ ਬੋਲੀ ਦਾ ਪ੍ਰਚਾਰ ਕੀਤਾ ਜਾ ਸਕੇ।

ਸਿੱਖ ਰਾਜਿਆ ਨੇ ਬੰਦਾ ਬਹਾਦਰ ਤੋਂ ਲੈ ਕੇ, ਫੂਲਕੀਆਂ ਰਾਜੇ, ਮਹਾਂਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਰਾਜਿਆ ਨੇ ਅਜਿਹਾ ਕੰਮ ਨਹੀ ਕੀਤਾ ਅਤੇ ਨਾ ਹੀ ਧਰਮ ਪ੍ਰਚਾਰ ਕਰ ਸਕੇ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹਾਂਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋਣ ਪਿੱਛੋਂ ਅੰਗਰੇਜ਼ਾ ਦਾ ਰਾਜ ਤੇ ਕਬਜ਼ਾ ਹੋ ਗਿਆ। ਮਹਾਂਰਾਜਾ ਰਣਜੀਤ ਸਿੰਘ ਦੀ ਰਾਜ ਭਾਸ਼ਾ ਫਾਰਸੀ ਸੀ। ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ਾ ਦੇ ਆਉਣ ਨਾਲ ਫਾਰਸੀ ਰੱਦ ਹੋ ਗਈ ਅਤੇ ਅੰਗਰੇਜ਼ੀ ਨੂੰ medium of instruction ਬਣਾਇਆ। ਇਸ ਇਲਾਕੇ ਵਿੱਚ ਬਹੁ ਗਿਣਤੀ ਮੁਸਲ਼ਮਾਨਾਂ ਦੀ ਸੀ। ਉਹਨਾਂ ਨੇ ਅੰਗਰੇਜ਼ਾ ਨਾਲ ਮਿਲ ਕੇ ਉਰਦੂ ਨੂੰ ਰਾਜ ਭਾਸ਼ਾ ਬਣਾਇਆ ਅਤੇ ਪੰਜਾਬੀ ਨਾਲ ਗਦਾਰੀ ਕੀਤੀ। ਇਸ ਨੂੰ ਅਸੀ ਹੁਣ ਵੀ ਪਾਕਿਸਤਾਨ ਪੰਜਾਬ ਵਿੱਚ ਦੇਖ ਸਕਦੇ ਹਾਂ ਕਿ ਰਾਜ ਭਾਸ਼ਾ ਉਰਦੂ ਓਤੇ ਅੰਗਰੇਜ਼ੀ ਹੈ, ਪੰਜਾਬੀ ਨਹੀ। ਸੋ ਇਸ ਤੋ ਹੁਣ ਤੱਕ ਦਾ ਇਹ ਸਿੱਟਾਂ ਨਿਕਲਦਾ ਹੈ ਕਿ ਬਾਬੇ ਨਾਨਕ ਕਰਕੇ ਹੀ ਗੁਰਮੁਖੀ ਲਿੱਪੀ ਅਤੇ ਪੰਜਾਬੀ ਬੋਲੀ ਬਚ ਸਕੀ ਹੈ।

# ਪੰਜਾਬੀ ਅਤੇ ਪ੍ਰਾਕ੍ਰਿਤਾਂ

**ਗਰੈਮੇਰੀਅਨਾਂ ਦੀਆ ਨਜ਼ਰਾਂ ਵਿੱਚ ਪ੍ਰਾਕ੍ਰਿਤਾਂ** : ਪ੍ਰਾਕ੍ਰਿਤਾ ਦਾ ਪਹਿਲਾ ਗਰੈਮੇਰੀਅਨ **ਵਰਰੁੱਚੀ** ਮੰਨਿਆ ਜਾਂਦਾ ਹੈ। ਉਸ ਤੋਂ ਪਿੱਛੋਂ **ਅਚਾਰਿਆ ਹੇਮ ਚੰਦਰ** ਅਤੇ **ਮਾਰਕੰਡੇ** ਆਦਿ ਵਿਦਵਾਨਾ ਦਾ ਵਿਚਾਰ ਹੈ ਕਿ ਪ੍ਰਾਕ੍ਰਿਤਾਂ ਕੁਦਰਤੀ ਬੋਲੀਆਂ ਹਨ। ਜਿਸ ਵਿੱਚੋਂ ਭਾਰਤ ਦੀਆਂ Modern ਕਹੀਆ ਜਾਣ ਵਾਲੀਆਂ ਬੋਲੀਆਂ ਨਿਕਲੀਆਂ ਹਨ, ਜਿਨਾਂ ਵਿਚੋਂ ਪੰਜਾਬੀ ਵੀ ਇੱਕ ਹੈ। **ਕਲਹਣ ਪੰਡਿਤ ਜੀ ਨੇ 1150 ਈ.** ਵਿੱਚ "**ਰਾਜਤਰੰਗਣੀ**" ਨਾਮ ਦੀ ਕਿਤਾਬ ਸੰਸਕ੍ਰਿਤ ਵਿੱਚ ਲਿਖੀ ਸੀ, ਜਿਸ ਦੀ ਲਿਪੀ ਟਾਕਰੀ ਸੀ। ਅਜਿਹਾ ਵਰਣਨ Alexander Cunnigham ਦੀ ਕਿਤਾਬ "Geographia of India" ਵਿੱਚ ਮਿਲਦਾ ਹੈ। Alexander Cunnigham ਜਿਹੜਾ ਕਿ Archaeology Department of India ਦਾ Founder Director ਸੀ, ਨੂੰ "**ਰਾਜਤਰੰਗਣੀ**" ਕਿਤਾਬ ਟਾਕਰੀ ਲਿੱਪੀ ਵਿੱਚ ਲਿਖੀ ਹੋਈ ਮਿਲੀ ਸੀ। **ਕਲਹਣ ਪੰਡਿਤ** ਦੀ ਇਸ ਕਿਤਾਬ ਦਾ **ਉਲੱਥਾ R.S. ਪੰਡਿਤ** ਜੀ ਨੇ ਅੰਗ੍ਰੇਜ਼ੀ ਵਿੱਚ ਕੀਤਾ ਸੀ ਜਿਹੜਾ ਕਿ ਜਵਾਹਰ ਲਾਲ ਨਹਿਰੂ ਜੀ ਦਾ ਰਿਸ਼ਤੇ ਵਿੱਚ ਭਰਾ ਲਗਦਾ ਸੀ। ਨਹਿਰੂ ਜੀ ਨੇ "**ਰਾਜਤਰੰਗਣੀ**" ਦੀਆਂ Forward ਲਾਇਨਾਂ ਵਿੱਚ ਲਿਖਿਆਂ ਹੈ ਕਿ "**ਰਾਜਤਰੰਗਣੀ**" ਦਾ ਉਲੱਥਾ **R.S. ਪੰਡਿਤ** ਨੇ ਅੰਗ੍ਰੇਜ਼ੀ ਵਿੱਚ ਇਸ ਲਈ ਕੀਤਾ ਹੈ ਕਿ ਸੰਸਕ੍ਰਿਤ ਨਾ ਜਾਣਨ ਵਾਲੇ ਅਤੇ ਅੰਗ੍ਰੇਜ਼ੀ ਜਾਣਨ ਵਾਲੇ ਇਸ ਤੋਂ ਲਾਭ ਲੈ ਸਕਣ। R.S ਪੰਡਿਤ ਨੇ ਆਪਣੇ Index ਵਿੱਚ ਦੱਸਿਆ ਹੈ ਕਿ **ਕੁਸ਼ਾਨ ਰਾਜੇ ਬੋਧੀ ਹੋਣ ਕਰਕੇ ਉਨਾਂ ਨੇ ਪ੍ਰਾਕ੍ਰਿਤਾ ਨੂੰ ਅਪਣਾ ਲਿਆ ਅਰਥਾਤ ਪਾਲੀ ਵੀ ਉਨਾ ਵਿੱਚੋ ਇੱਕ**

**ਪ੍ਰਾਕ੍ਰਿਤ ਮੰਨੀ ਜਾਂਦੀ ਹੈ। ਅਸ਼ੋਕ ਦੇ ਸ਼ਿਲਾਲੇਖ ਭਾਰਤ ਤੋਂ ਲੈ ਕੇ ਅਫਗਾਨਸਤਾਨ ਤੱਕ ਮਿਲਦੇ ਹਨ, ਜਿਸ ਦੀ ਬੋਲੀ ਪਾਲੀ ਅਤੇ ਅਸ਼ੋਕ ਲਿੱਪੀ ਕਿਹਾ ਜਾਂਦਾ ਹੈ।** ਇਸ ਲਿੱਪੀ ਵਿੱਚ ਉਨਾਂ ਦੇ ਸਰਕਾਰੀ ਫਰਮਾਨ (Edict) ਜਾਰੀ ਕੀਤੇ ਅਤੇ ਇਹ Central Asia ਵਿੱਚ ਵੀ ਸ਼ਿਲਾਲੇਖ ਮਿਲੇ ਹਨ। R.S. ਪੰਡਿਤ ਜੀ ਦਾ ਦਾਅਵਾ ਹੇ ਕਿ **ਚੌਥੀ ਸਦੀ** ਤੱਕ ਦੇ **ਤੁਖਾਰਤਸਥਾਨ** ਵਿੱਚ Archaeology ਵਾਲਿਆਂ ਨੂੰ ਇਸ ਭਾਸ਼ਾ ਦੇ ਨਮੂਨੇ ਮਿਲੇ ਹਨ ਜਿਹੜੇ ਕਿ **ਖਰੋਸ਼ਠੀ ਲਿੱਪੀ** ਵਿੱਚ ਹਨ। **ਅਸ਼ੋਕ ਨੇ ਆਪਣੇ ਫਰਮਾਨ** (Edict) **ਦੋ ਲਿੱਪੀਆਂ** ਵਿੱਚ ਜਾਰੀ ਕੀਤੇ, ਜਿਨਾਂ ਵਿੱਚੋਂ ਇੱਕ ਅਸ਼ੋਕ ਲਿੱਪੀ ਅਤੇ ਦੂਜੀ ਖਰੋਠੀ ਲਿੱਪੀ ਹੈ। ਇਨਾਂ ਬੋਲੀਆਂ ਦੇ ਨਮੂਨੇ **ਪੰਜਾਬ ਤੋਂ ਲੈ ਕੇ ਅਫਗਾਨਸਤਾਨ** ਮਿਲਦੇ ਹਨ ਜਿਨਾਂ ਦੀ **ਬੋਲੀ ਪਾਲੀ** ਹੈ।

ਡਾ. ਸਰਨ ਦੀ ਕਿਤਾਬ **"Punjab Tribes and Coinage of Punjab"** ਅਨੁਸਾਰ ਸਮਰਾਟ ਅਸ਼ੋਕ ਦੇ ਪੋਤਰੇ ਦਾ ਕਤਲ਼ ਕਰਨ ਮਗਰੋਂ ਉਸ ਦੇ ਸੈਨਾਪਤੀ ਨੇ ਰਾਜ ਸੰਭਾਲ ਲਿਆ। ਪੰਜਾਬ ਦੇ ਉਦੰਬਰ Tribe ਦੇ ਲੋਕਾਂ ਨੇ ਪੁਸ਼ਪਮਿੱਤਰ ਸੁੰਗ ਦੇ ਖਿਲਾਫ ਬਗਾਬਤ ਕਰਕੇ ਪੰਜਾਬ ਨੂੰ ਅਜ਼ਾਦ ਰਾਜ ਐਲਾਨ ਕਰ ਦਿੱਤਾ ਅਤੇ ਉਨਾਂ ਨੇ ਖਰੋਸ਼ਟੀ ਲਿੱਪੀ ਨੂੰ ਰਾਜ ਦੀ ਲਿੱਪੀ ਬਣਾਇਆਂ ਅਤੇ ਭਾਸ਼ਾ ਪਾਲੀ ਜਾਂ ਪ੍ਰਾਕ੍ਰਿਤ ਸੀ। ਉਨਾਂ ਦੀ ਰਾਜਧਾਨੀ ਪਠਾਨਕੋਟ ਸੀ। Archaeology ਦੀ ਖੋਜ ਅਨੁਸਾਰ **ਉਦੰਬਰ ਰਾਜਿਆਂ ਦੇ ਸਿੱਕੇ ਵੀ ਮਿਲੇ** ਹਨ। ਪਠਾਨਕੋਟ ਦੇ ਇੱਕ ਸੱਜਨ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਕੋਲ ਔਦੰਬਰ ਰਾਜਿਆਂ ਦੇ ਅਨੇਕਾ ਸਿੱਕੇ ਹਨ ਜੋ ਕਿ ਖਰੋਸ਼ਟੀ ਲਿੱਪੀ ਵਿੱਚ ਹਨ।

**ਕੀ ਪ੍ਰਾਕ੍ਰਿਤਾਂ ਸਾਰੇ Sub-Continent ਵਿੱਚ ਬੋਲੀਆਂ ਜਾਂਦੀਆ ਹਨ :** ਉਪਰੋਕਤ ਸਾਰੇ ਗਰੈਮੇਰੀਅਨਾਂ ਦਾ ਵਿਚਾਰ ਹੈ ਕਿ ਸਾਰੇ Sub-Continent ਵਿੱਚ ਪ੍ਰਾਕਿਤਾਂ ਬੋਲੀਆਂ ਜਾਂਦੀਆਂ ਹਨ। ਪਰ ਸਵਾਲ

ਪੈਦਾ ਹੁੰਦਾ ਹੈ ਕਿ ਅੱਜ ਇਹ ਪ੍ਰਾਕ੍ਰਿਤਾ ਬੋਲੀਆਂ ਜਾਂਦੀਆ ਹਨ? ਬਿਲਕੁਲ ਨਹੀ। ਆਖਰਕਾਰ ਅੱਜ ਇਹ ਪ੍ਰਾਕ੍ਰਿਤਾ ਬੋਲੀਆਂ ਕਿੱਥੇ ਗਈਆਂ? **ਜਦ ਇਨਾਂ ਪ੍ਰਾਕ੍ਰਿਤਾ ਦੇ ਹਾਮੀਆਂ ਦਾ ਰਾਜ ਖਤਮ ਹੋਇਆ ਤਾਂ ਇਨਾਂ ਦੇ ਵਿਰੋਧੀ ਸੰਸਕ੍ਰਿਤ ਹਾਮੀਆਂ ਨੇ ਸੰਸਕ੍ਰਿਤ ਮੁੜ ਚਾਲੂ ਕਰ ਦਿੱਤੀ** ਅਤੇ ਆਪਣਾ ਧਰਮ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ। ਲੋਕਾ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਨ ਲਈ ਬਹੁਤ ਹੱਥਕੰਢੇ ਅਪਣਾਏ ਜਿਨਾਂ ਵਿਚੋਂ ਰਾਜ ਸ਼ਕਤੀ ਇੱਕ ਹੈ। **ਜਿਵੇਂ ਬੋਧੀਆਂ ਨੇ ਸੰਸਕ੍ਰਿਤ ਨੂੰ ਹਟਾ ਕੇ ਪਾਲੀ ਨੂੰ ਰਾਜ ਭਾਸ਼ਾ ਬਣਾਇਆ ਉਵੇਂ ਹੀ ਸੰਸਕ੍ਰਿਤਵਾਦੀਆਂ ਨੇ ਪਾਲੀ ਨੂੰ ਹਟਾ ਕੇ ਸੰਸਕ੍ਰਿਤ ਲੋਕਾ ਤੇ ਠੋਸ ਦਿੱਤੀ।** ਜਿਵੇਂ ਸਾਮਰਾਜ ਅਤੇ ਵਿਸਥਾਰਵਾਦੀ ਲੋਕ ਕਰਦੇ ਹਨ। ਇਸੇ ਤਰਾਂ ਸੰਸਕ੍ਰਿਤ ਹਾਮੀਆਂ ਅਤੇ ਬੋਧੀਆਂ ਨੇ ਕੀਤਾ। **ਇਨ੍ਹਾਂ ਨੇ ਲੋਕਾ ਦੀਆਂ ਬੋਲੀਆਂ ਨਾਲ ਮਜ਼ਾਕ ਕੀਤਾ ਅਤੇ ਕਿਹਾ ਕਿ ਇਹ ਬੋਲੀਆਂ ਭ੍ਰਿਸ਼ਟ ਹਨ।** ਇਨਾਂ ਦੀ ਕੋਈ ਉੱਚਤਤਾ ਨਹੀ ਹੈ ਅਤੇ ਨਾਂ ਹੀ ਇਹ ਮਹਾਨ ਹਨ। ਇਹ ਲੋਕ ਗਵਾਰ ਹਨ ਜਿਹੜੇ ਇਸ ਨੂੰ ਬੋਲਦੇ ਹਨ। ਇਨਾਂ ਦੋਹਾਂ ਧਿਰਾਂ ਨੇ ਦੇਸੀ ਬੋਲੀਆਂ ਨੂੰ ਦਬਾਈ ਰੱਖਿਆ। **Wikipedia** ਅਨੁਸਾਰ ਸੰਸਕ੍ਰਿਤ ਸੰਸਾਰ ਵਿੱਚ ਕਿਤੇ ਵੀ ਬੋਲੀ ਨਹੀ ਜਾਂਦੀ ਅਤੇ ਨਾ ਹੀ ਪਾਲੀ ਬੋਲੀ। ਇਸ ਕਰਕੇ ਪ੍ਰਾਕ੍ਰਿਤ ਬੋਲੀ ਦੇ ਗਰੈਮੇਰੀਅਨਾਂ ਦਾ ਇਹ ਦਾਅਵਾ ਹੈ **Modern** ਬੋਲੀਆ ਪ੍ਰਾਕ੍ਰਿਤਾਂ ਵਿੱਚੋਂ ਨਿਕਲੀਆ ਹਨ। ਉਨਾਂ ਦੇ ਇਸ ਦਾਅਵੇ ਵਿੱਚ ਕੋਈ ਦਮ ਨਹੀ ਹੈ। ਅਖੇ "ਉਲਟਾ ਚੋਰ ਕੋਤਵਾਲ" ਨੂੰ ਡਾਂਟੇ ਜਿਵੇਂ ਪਾਲੀ ਅਤੇ ਸੰਸਕ੍ਰਿਤਵਾਦੀਆ ਨੇ ਦੇਸੀ ਬੋਲੀਆਂ ਨੂੰ ਨਿਘਾਰ ਤੱਕ ਪਹੁੰਚਾਇਆ ਅਤੇ ਲੋਕਾਂ ਵਿੱਚ ਇਨ੍ਹਾਂ ਦੀਆਂ ਮਾਂ ਬੋਲੀਆਂ ਪ੍ਰਤੀ ਨਫਰਤ ਪੈਦਾ ਕੀਤੀ ਤਾਂ ਕਿ ਉਹ ਆਪਣੀ ਮਾਂ ਬੋਲੀ ਨੂੰ ਪਿਆਰ ਨਾ ਕਰਨ ਲੱਗ ਜਾਣ। ਜਿਹਦੇ ਕਰਕੇ ਲੋਕ ਸਾਡੇ ਪੰਜੇ ਵਿਚੋਂ ਅਜ਼ਾਦ ਹੋ ਜਾਣਗੇ ਅਤੇ ਸਾਡੇ ਅਧੀਨ ਰਹਿਣ ਤੋਂ ਹੱਟ

ਜਾਣਗੇ। **ਸੰਸਾਰ ਵਿੱਚ ਜਿਹੜੀਆਂ ਕੌਮਾਂ ਨੇ ਤਰੱਕੀ ਕੀਤੀ, ਉਨਾਂ ਦੀ ਮਾਂ ਬੋਲੀ ਨੇ ਵੀ ਤਰੱਕੀ ਕੀਤੀ ਅਤੇ ਉਹਨਾਂ ਨੇ ਆਪਣੀ ਲਿੱਪੀ, ਕਲਚਰ, ਬੋਲੀ, ਧਰਮ, ਧਰਤੀ ਅਤੇ ਸਮਾਜ ਨਾਲ ਪਿਆਰ ਵੀ ਕੀਤਾ।** ਜਿਸ ਕਰਕੇ ਸਮਾਜ ਵਿੱਚ ਏਕਾ ਆਉਂਦਾ ਹੈ। ਏਕੇ ਦੀ ਮਿਸਾਲ ਸਾਨੂੰ ਜਰਮਨ ਦੇ 1989 ਵਿੱਚ ਇੱਕਜੁੱਟ ਹੋਣ ਤੋਂ ਮਿਲਦੀ ਹੈ। ਜਿਹੜਾ ਕਿ ਦੂਸਰੇ ਵਿਸ਼ਵ ਯੁੱਧ ਮਗਰੋਂ ਦੋ ਟੁੱਕ ਹੋ ਗਿਆ ਸੀ ਅਤੇ 1989 ਵਿੱਚ ਮੁੜ ਇਕਜੁੱਟ ਹੋ ਗਿਆ। ਇਸਦੇ ਵਿੱਚ ਭਾਸ਼ਾ, Geographia, ਅਤੇ ਧਰਮ ਦਾ ਬਹੁਤ ਵੱਡਾ ਰੋਲ ਰਿਹਾ ਹੈ। ਦੂਜੇ ਪਾਸੇ U.S.S.R ਕਹਾਉਂਦਾ ਸੀ ਤੇ ਉਹ ਵੀ ਖਿੰਡ ਗਿਆ। ਖਿੰਡਣ ਦਾ ਕਾਰਣ ਵੀ ਇਹੀ ਸੀ ਕਿ ਇਹਨਾਂ ਲੋਕਾਂ ਦਾ ਧਰਮ, ਭਾਸ਼ਾ, ਅਤੇ ਕਲਚਰ ਅੱਡ-ਅੱਡ ਸੀ।

**ਪ੍ਰਾਕ੍ਰਿਤਾਂ ਆਰੀਆਂ ਬੋਲੀਆਂ ਹਨ ਜਾਂ ਅਣਆਰੀਆ :** ਨੇਪਾਲ ਦੇ ਪ੍ਰਿੰਸ ਸਿਧਾਰਥ ਨੇ ਆਪਣੀ ਮਾਂ ਬੋਲੀ ਪਾਲੀ ਵਿੱਚ ਆਪਣੇ ਸਿਧਾਂਤਾ ਦਾ ਪ੍ਰਚਾਰ ਕੀਤਾ ਅਤੇ ਮਹਾਂਵੀਰ ਨੇ ਮਾਗਧੀ ਵਿੱਚ ਆਪਣੇ ਸਿਧਾਂਤਾ ਦਾ ਪ੍ਰਚਾਰ ਕੀਤਾ। ਇਹਨਾਂ ਦਾ ਜ਼ਿਕਰ ਪ੍ਰਾਕ੍ਰਿਤਾ ਦੇ ਗਰੈਮੇਰੀਅਨਾਂ ਨੇ ਆਪਣੇ ਗਰੈਮਰਾਂ ਵਿੱਚ ਕੀਤਾ। ਉਨ੍ਹਾਂ ਨੇ ਇਹਨਾਂ ਦੇ ਗਰੈਮਰ ਵੀ ਦੱਸੇ ਅਤੇ ਭਾਸ਼ਾ ਦਾ ਗਰੈਮਰ ਢਾਂਚਾ ਵੀ ਦੱਸਿਆ।

**ਜਿਵੇਂ ਮਾਗਧੀ ਦਾ ਰੂਟ-ਰੱਖ ਹੈ** : ਇਸ ਤੋਂ ਹੇਠ ਲਿਖੇ ਤਿੰਨ ਰੂਪ ਬਣਦੇ ਹਨ ਜਿਵੇਂ :

**ਰਖਅ-ਰਖਈ-ਰਖਿਏ** : ਇਸ ਪ੍ਰਕਾਰ ਇਹ ਮਾਗਧੀ ਦੇ ਤਿੰਨੇ ਕਾਲਾਂ ਦੇ ਰੂਪ ਹਨ।

**ਪਾਲੀ ਵਿੱਚ ਰੱਖ ਤੋਂ** : ਹੇਠ ਲਿਖੇ ਤਿੰਨ ਰੂਪ ਬਣਦੇ ਹਨ ਜਿਵੇਂ:

**ਰੱਖਿਯ-ਰੱਖਤਿ-ਰੱਖਸੀ** : ਇਸ ਪ੍ਰਕਾਰ ਇਹ ਪਾਲੀ ਦੇ ਤਿੰਨੇ ਕਾਲਾਂ ਦੇ ਰੂਪ ਹਨ।

**ਸੰਸਕ੍ਰਿਤ ਵਿੱਚ ਰੱਖ** : ਦੇ ਹੇਠ ਲਿਖੇ **ਤਿੰਨ ਰੂਪ ਬਣਦੇ** ਹਨ ਜਿਵੇਂ :

**ਰੱਕਸ਼ਤ-ਰੱਕਸ਼ੱਤੀ-ਰੱਕਸ਼ਯਤਿ** : ਇਸ ਪ੍ਰਕਾਰ ਇਹ ਸੰਸਕ੍ਰਿਤ ਦੇ ਤਿੰਨੇ ਕਾਲਾਂ ਦੇ ਰੂਪ ਹਨ।

ਇਸ ਪ੍ਰਕਾਰ ਉਪਰੋਕਤ ਮਾਗਧੀ, ਪਾਲੀ, ਅਤੇ ਸੰਸਕ੍ਰਿਤ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਨਾਂ **ਤਿੰਨਾਂ ਬੋਲੀਆਂ** ਵਿੱਚ Single Gender ਕ੍ਰਿਰਿਆਵਾਂ ਹੀ ਮਿਲਦੀਆਂ ਹਨ। ਸੋ ਇਸ ਪ੍ਰਕਾਰ ਪੰਜਾਬੀ ਵਿੱਚ ਰੂਪ ਹੇਠ ਲਿਖੇ ਇਸ ਪ੍ਰਕਾਰ ਚਲਦੇ ਹਨ :

**ਪੰਜਾਬੀ ਵਿੱਚ ਰੱਖ ਤੋਂ : ਰੱਖਿਆ/ਰੱਖੀ**
**ਰੱਖਦਾ/ਰੱਖਦੀ**
**ਰੱਖੇਗਾ/ਰੱਖੇਗੀ**

ਉਪਰੋਕਤ ਤਿੰਨਾਂ ਬੋਲੀਆ ਦਾ ਤੁਲਨਾਤਮਕ ਅਧਿਐਨ ਦੱਸਦਾ ਹੈ ਕਿ **ਪੰਜਾਬੀ ਬੋਲੀ** ਦੇ ਗਰੈਮਰ ਨਾਲ ਇਹਨਾਂ ਬੋਲੀਆਂ ਦਾ ਕੋਈ ਸਬੰਧ ਨਹੀ ਹੈ। ਸੋ ਪੰਜਾਬੀ ਸਿੱਧੀ ਹੀ ਕੁਦਰਤੀ ਤੌਰ ਤੇ ਉਪਜ ਹੈ। ਇਹ ਦੂਜੀ ਭਾਸ਼ਾ ਦੇ ਵਿਕਾਸ ਦਾ ਸਿੱਟਾ ਨਹੀ ਹੈ। ਇਹ ਇੱਕ ਸਿੰਧ ਘਾਟੀ ਦੇ ਲੋਕਾ ਦੀ ਬੋਲੀ ਹੈ। ਇਹ ਦ੍ਰਾਵਿੜੀਅਨ ਵੀ ਨਹੀ ਹਨ ਕਿਉਕਿ ਦ੍ਰਾਵਿੜੀਅਨ ਵੀ Single Gender ਕ੍ਰਿਰਿਆਵਾਂ ਵਾਲੀਆਂ ਬੋਲੀਆਂ ਹਨ। ਤਿੱਬਤ-ਬਰਮਾਂ ਦੀ ਨਸਲ ਦੇ ਲੋਕਾਂ ਦੀਆਂ ਬੋਲੀਆਂ ਵੀ ਪੰਜਾਬੀ ਬੋਲੀਆਂ ਨਾਲ ਕੋਈ ਸਬੰਧ ਨਹੀ ਰੱਖਦੀਆਂ ਹਨ। ਪਰ ਇਸ ਦੀ ਥੋੜ੍ਹੀ ਜਿਹੀ ਟੋਨ ਪੰਜਾਬ ਦੀ ਟੋਨ ਨਾਲ ਮੇਲ਼ ਖਾਦੀ ਹੈ ਜੋ ਕਿ ਆਰੀਅਨ ਭਾਸ਼ਾਵਾਂ ਵਿੱਚ ਨਹੀ ਹੈ। ਸੋ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਪੰਜਾਬੀ ਸਿੰਧ ਘਾਟੀ ਦੇ ਲੋਕਾ ਦੀ ਬੋਲੀ ਹੈ। "An Essay On Antiquity" ਅਨੁਸਾਰ ਆਰੀਆ ਆਉਣ ਤੋਂ ਪਹਿਲਾਂ ਇੱਥੇ ਇੱਕ ਤੁਰਾਨੀ ਜਾਂ ਸੀਥੀਅਨ ਰੇਸ ਵੱਸਦੀ ਸੀ। ਜਦੋਂ ਅਸੀ ਤੁਰਾਨੀ ਜਾਂ ਸੀਥੀਅਨ ਰੇਸ ਦੇ ਲੋਕਾਂ ਦੀ ਬੋਲੀ ਦੀ ਪੰਜਾਬੀ ਨਾਲ ਤੁਲਨਾ ਕਰਦੇ

ਹਾਂ ਤਾਂ ਇਸ ਦਾ ਪੰਜਾਬੀ ਨਾਲ ਕੋਈ ਸਬੰਧ ਨਜ਼ਰ ਨਹੀ ਆਉਂਦਾ ਹੈ। ਇਸ ਪ੍ਰਕਾਰ ਉਪਰੋਕਤ ਲਿਖਾਰੀ ਦੀ ਥਿਊਰੀ ਪੈਂਚਰ ਹੋ ਜਾਂਦੀ ਹੈ। ਵਿਸਥਾਰਵਾਦੀਆਂ ਅਤੇ ਸਾਮਰਾਜਵਾਦੀਆਂ ਦੇ ਅਧੀਨ ਲੋਕਾਂ ਦੀ ਬੋਲੀ ਤੇ ਹੀ ਨਹੀ ਅਸਰ ਪਿਆ ਬਲਕਿ ਉਹਨਾਂ ਦੇ ਕਲ਼ਚਰ, ਪਹਿਰਾਵੇ, ਧਰਮ, ਖਾਣ-ਪੀਣ ਦੀਆਂ ਆਦਤਾਂ ਅਤੇ ਉਹਨਾਂ ਦੀਆਂ ਤਰਜੀਹਾਂ ਤੇ ਵੀ ਡਾਕਾ ਲਾ ਦਿੱਤਾ। ਅਜਿਹੇ ਹਾਕਮਾਂ ਦੇ ਵਤੀਰੇ ਨਾਲ ਲੋਕਾਂ ਤੇ ਹਰ ਪੱਖੋਂ ਜਿੰਦਗੀ ਤੇ ਅਸਰ ਪਿਆ। ਉਹ ਆਪਣੇ ਪਿਛੋਕੜ ਤੋਂ ਹੋਲੀ-ਹੋਲੀ ਟੁੱਟਣ ਲੱਗ ਪਏ। ਕੋਈ ਟਾਮਾਂ ਹੀ ਆਪਣੇ ਪੈਰਾਂ ਤੇ ਖੜਾ ਹੋ ਸਕਿਆਂ। ਅਜਿਹਾ ਵਤੀਰਾ ਈਰਾਨ ਦੇ ਹਾਕਮਾਂ ਨੇ ਪਾਰਸੀਆਂ ਤੇ ਵੀ ਕੀਤਾ। ਸੀਰੀਆਂ ਦੇ ਬਾਦਸ਼ਾਹ ਨੇ ਵੀ ਯਹੂਦੀਆਂ ਨਾਲ ਅਜਿਹਾ ਹੀ ਵਤੀਰਾ ਕੀਤਾ। ਇਸ ਪਿੱਛੋ ਪਾਰਸੀ ਬਾਦਸ਼ਾਹ ਨੇ ਉਹਨਾਂ ਨੂੰ ਛੱਡਵਾਇਆ ਅਤੇ ਆਪਣੇ ਦੇਸ਼ ਮੁੜ ਆਬਾਦ ਹੋਏ। ਇਸ ਪਿੱਛੋ ਯਹੂਦੀਆਂ ਤੇ ਇਸਲਾਮ ਅਤੇ ਈਸਾਈਆਂ ਨੇ ਵੀ ਹਮਲਾਂ ਕੀਤਾ। ਇਸ ਕਰਕੇ ਯਹੂਦੀਆਂ ਨੂੰ ਆਪਣਾ ਦੇਸ਼ ਛੱਡ ਕੇ ਵੱਖੋ-ਵੱਖ ਦੇਸ਼ਾ ਵਿੱਚ ਭਟਕਨਾਂ ਪਿਆਂ। ਇਸ ਤਰਾਂ ਉਹ ਆਪਣੇ ਕੇਂਦਰ ਬਿੰਦੂ ਤੋਂ ਟੁੱਟ ਗਏ। ਆਪਣੇ ਕੇਂਦਰ ਬਿੰਦੂ ਤੋਂ ਟੁੱਟਣ ਕਰਕੇ ਉਹ ਆਪਣੀ ਬੋਲੀ ਵੀ ਭੁੱਲ ਬੈਠੇ। ਇੱਕ ਸੂਚਨਾ ਅਨੁਸਾਰ **Hebrew** ਬੋਲੀ ਅੱਜ ਸੰਸਾਰ ਵਿੱਚ ਕਿਤੇ ਵੀ ਬੋਲੀ ਨਹੀ ਜਾਂਦੀ।

ਇਸ ਤੋਂ ਪਹਿਲਾ ਅਸੀ ਭਾਰਤ ਦੀ ਗੱਲ ਕਰੀਏ ਕਿ ਆਰੀਆਂ ਲੋਕ ਜਦੋਂ ਭਾਰਤ ਵਿੱਚ ਆਏ ਉਹਨਾਂ ਦੀ ਗਿਣਤੀ ਦੇਸੀ ਲੋਕਾਂ ਦੇ ਮੁਕਾਬਲੇ ਬਹੁਤ ਘੱਟ ਸੀ। ਅਜਿਹਾ ਵਿਚਾਰ "Antiquity of India" ਦੇ ਲਿਖਾਰੀ ਦਾ ਵਿਚਾਰ ਹੈ। ਡਾ. ਰਾਧਾ ਕ੍ਰਿਸ਼ਨ ਨੇ ਆਪਣੀ ਕਿਤਾਬ "Indian Philosophy" ਵਿੱਚ ਦੱਸਿਆ ਹੈ ਕਿ ਆਰੀਆ ਪੰਜਾਬ ਦੇ ਰਸਤੇ ਰਾਹੀਂ ਭਾਰਤ ਵਿੱਚ ਦਾਖਲ ਹੋਏ ਹਨ। ਨਹਿਰੂ ਨੇ

ਵੀ ਆਪਣੀ ਕਿਤਾਬ "Glance at World History" and "Discovery of India" ਵਿੱਚ ਦੱਸਿਆਂ ਹੈ ਕਿ ਆਰੀਆ ਬਾਹਰੋਂ ਆਏ ਹਨ ਅਤੇ ਉਹਨਾਂ ਦੀ ਬੋਲੀ ਵੈਦਿਕ ਜਾਂ ਸੰਸਕ੍ਰਿਤ ਸੀ। ਨਹਿਰੂ ਜੀ ਨੇ ਆਪ ਹੀ ਮੰਨਿਆ ਹੈ ਕਿ ਅਸੀ ਆਰੀਆ ਨਸਲ਼ ਦੇ ਹਾਂ ਅਤੇ ਸਾਡੇ ਬਜ਼ੁਰਗ ਵੀ ਆਰੀਆ ਸਨ। ਉਹਨਾਂ ਦੀ ਬੋਲੀ ਸੰਸਕ੍ਰਿਤ ਹੀ ਸੀ। ਕਾਲਅੰਤਰ ਅਸੀ ਆਪਣੀ ਬੋਲੀ ਭੁੱਲ ਚੁੱਕੇ ਹਾਂ ਅਤੇ ਅੰਗ੍ਰੇਜ਼ੀ ਅਪਣਾ ਲਈ ਹੈ। ਕੁਝ ਲੋਕ ਵਿਵਾਦ ਖੜਾ ਕਰ ਦਿੰਦੇ ਹਨ ਕਿ ਆਰੀਆ ਲੋਕ ਪੰਜਾਬ ਦੇ ਹੀ ਵਸਿੰਦੇ ਸਨ। ਇਹ ਕੰਮ ਕਾਰ ਕਰਕੇ ਬਾਹਰੋਂ ਵਾਪਸ ਆ ਗਏ। ਵਿਦੇਸ਼ੀ ਵਿਦਵਾਨ ਵੇਡਲ ਅਨੁਸਾਰ ਬਾਕੀ ਵਿਦਵਾਨਾਂ ਦੇ ਮੁਕਾਬਲੇ ਵੱਖਰੀ ਰਾਏ ਰੱਖਦੇ ਹਨ ਕਿ ਆਰੀਆ ਭਾਰਤੀ ਹਨ। ਜਦੋ Archaeology ਦੀ **ਰਿਪੋਰਟ ਜੋ ਜੋਹਨ ਮਾਰਸ਼ਲ ਨੇ 1927 ਈ. ਵਿੱਚ ਪੇਸ਼ ਕੀਤੀ, ਨੂੰ ਦੇਖਦੇ ਹਾਂ ਤਾਂ ਸਾਨੂੰ ਉਸ ਤੋਂ ਪਤਾ ਚਲਦਾ ਹੈ ਕਿ ਸਿੰਧੂ ਘਾਟੀ ਦੀ ਸੱਭਿਅਤਾ ਆਰੀਆ ਸੱਭਿਅਤਾ ਨਹੀ ਹੈ। ਇੱਥੇ ਦੇ ਲੋਕ ਵੱਖਰੀ ਨਸਲ਼ ਦੇ ਹੀ ਸਨ।** ਜਿਹਨੂੰ ਆਰੀਆ ਲੋਕਾਂ ਨੇ ਦੱਸਯੁ ਕਿਹਾ ਹੈ। ਜਿਸ ਦਾ ਅਰਬੀ ਵਿੱਚ ਉਲੱਥਾ " ਹਿੰਦੂ" ਹੈ। **ਅਜਿਹਾ ਕਿ ਕਈਆ ਦਾ ਮੱਤ ਹੈ ਕਿ ਸਿੰਧੂ ਸ਼ਬਦ ਤੋਂ ਹਿੰਦੂ ਬਣਿਆ ਹੈ। ਜਦਕਿ ਅਜਿਹਾ ਬਿੱਲਕੁੱਲ ਨਹੀ ਹੈ। ਇਹਦੇ ਲਈ ਅਸੀਂ ਅਗਸਟਨ ਦੀ ਅਰਬੀ-ਇੰਗਲਿਸ਼ ਡਿਕਸ਼ਨਰੀ ਦੇਖ ਸਕਦੇ ਹਾਂ।**

ਪ੍ਰਾਕ੍ਰਿਤ ਦੇ ਮੁੱਢਲੇ ਗਰੈਮੇਰੀਅਨ **ਵਰਰੁੱਚੀ** ਜੀ ਦਾ ਮੰਨਣਾ ਹੈ ਕਿ ਪ੍ਰਾਕ੍ਰਿਤਾਂ ਦੇ ਨਾਲ ਇੱਕ ਅਪਰਭੰਸ਼ ਬੋਲੀ ਵੀ ਹੈ। ਜਿਸ ਦਾ ਅਚਾਰਿਆ ਹੇਮ ਚੰਦਰ ਨੇ ਆਪਣੇ ਗਰੈਮਰ ਵਿੱਚ ਜ਼ਿਕਰ ਕੀਤਾ ਹੈ। ਉਹਨਾਂ ਦਾ ਮੰਨਣਾ ਹੈ ਕਿ ਦੂਸਰੀ ਸਦੀ A.D ਵਿੱਚ ਇਸ ਬੋਲੀ ਨੂੰ ਲਿਖਣਾ ਸ਼ੁਰੂ ਕੀਤਾ ਸੀ। ਸਾਡੇ ਅੱਜ ਦੇ ਲਿਖਾਰੀ ਜਿਹੜੀਆਂ ਬੋਲੀਆਂ ਨੂੰ Modern ਕਹਿੰਦੇ ਉਹਨਾਂ ਦੀ ਇਹ ਥਿਉਰੀ ਫੇਲ ਹੋ ਜਾਂਦੀ ਹੈ ਕਿਉਂਕਿ ਉਹ

ਇਸ ਨੂੰ ਦਸਵੀਂ ਸਦੀ ਦੀਆਂ ਬੋਲੀਆਂ ਮੰਨਦੇ ਹਨ। ਪੰਜਾਬੀ ਬਾਰੇ ਵੀ ਦੋ ਤਰਾਂ ਦੇ ਵਿਚਾਰ ਹਨ। ਇੱਕ ਵਿਚਾਰ ਡਾ. ਵਨਾਰਸੀ ਦਾਸ ਜੈਨ ਜਿਸ ਨੇ ਪੰਜਾਬੀ ਵਿੱਚ Ph.D ਕੀਤੀ ਸੀ, ਦਾ ਹੈ ਕਿ ਪੰਜਾਬੀ ਪ੍ਰਾਕ੍ਰਿਤ ਬੋਲੀਆ ਵਿੱਚੋਂ ਨਿਕਲੀ ਹੈ। ਸੋ ਜੇਕਰ **ਵਰਰੁੱਚੀ** ਦੀ ਦਲੀਲ ਮੰਨ ਲਈ ਜਾਵੇ ਤਾਂ ਨਾਂ ਤਾਂ ਬਨਾਰਸੀ ਦਾਸ ਜੈਨ ਦੀ ਥਿਊਰੀ ਵਿੱਚ ਵਜ਼ਨ ਹੈ ਨਾਂ ਹੀ ਸੰਸਕ੍ਰਿਤ ਹਾਮੀਆਂ ਦੀ ਥਿਊਰੀ ਵਿੱਚ ਵਜ਼ਨ ਹੈ। ਇਨਾਂ ਦੋਨੋਂ ਧਿਰਾਂ ਨੇ ਇਤਿਹਾਸ ਨੂੰ ਅੱਖੋਂ ਪਰੋਖੇ ਕੀਤਾ। ਇਨ੍ਹਾਂ ਦੇ ਪੁਰਾਤਨ ਹੋਣ ਦੇ ਸਬੂਤਾਂ ਨੂੰ ਵੀ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ।

**ਪਾਲੀ ਸਮੇਤ ਸਾਰੀਆਂ ਪ੍ਰਾਕ੍ਰਿਤਾਂ ਅਣਆਰੀਆ ਅਤੇ ਦੇਸੀ ਹਨ।** ਉਪਰੋਕਤ ਭਾਸ਼ਾ ਦੀਆਂ ਤੁਲਨਾਂ ਕਰਕੇ ਦੱਸਿਆ ਹੈ ਕਿ ਗਰੈਮਰ ਦੇ ਤੌਰ ਤੇ ਪ੍ਰਾਕ੍ਰਿਤਾਂ ਦਾ ਆਰੀਆ ਬੋਲੀਆਂ ਨਾਲ ਕੋਈ ਸਬੰਧ ਨਹੀ ਹੈ। ਇਹਨਾਂ ਦੀ Phonology ਵੀ ਦੇਸੀ ਹੈ। **ਸੰਸਕ੍ਰਿਤ ਦੇ ਤਾਲਵੀ ਸ਼ਾ, ਮੁਰਦਨੀ ਸ਼ਾ, ਰਿਰੀ ਅਤੇ ਅਯੋਗੇਵਾਹਾ ਦੀ ਵਰਤੋਂ ਪਾਲੀ ਵਿੱਚ ਨਹੀ ਕੀਤੀ ਜਾਂਦੀ ਹੈ।** ਬਾਕੀ ਸਾਰੀ ਪ੍ਰਾਕ੍ਰਿਤਾਂ ਵਿੱਚ ਵੀ ਇਹਨਾਂ ਅੱਖਰਾਂ ਦੀ ਅਣਹੋਂਦ ਹੈ। ਪਾਲੀ ਵਿੱਚ "**ਲ਼**" ਹੈ ਜਦਕਿ ਸੰਸਕ੍ਰਿਤ ਵਿੱਚ ਨਹੀ ਹੈ। ਪਾਲੀ ਅਤੇ ਬਾਕੀ ਪ੍ਰਾਕ੍ਰਿਤਾਂ ਵਿੱਚ "**ੜ**" ਅੱਖਰ ਨਹੀ ਹੈ। **ਪੰਜਾਬੀ ਦੇ ਮੁਕਾਬਲੇ ਪ੍ਰਾਕ੍ਰਿਤਾਂ ਵਿੱਚ ਲਗਾਂ ਦੀ ਘਾਟ ਹੈ।** ਜਿੰਨਾਂ ਚਿਰ ਪਾਲੀ ਰਾਜ ਭਾਸ਼ਾ ਬਣੀ ਰਹੀ ਇਸ ਨੇ ਦੂਜੀਆਂ ਸਥਾਨਕ ਦੇਸੀ ਬੋਲੀਆਂ ਨੂੰ ਉਭਰਨ ਨਹੀ ਦਿੱਤਾ। ਪਰ ਪਾਲੀ ਵਿੱਚ ਲੋਕਲ਼ ਭਾਸ਼ਾਵਾਂ ਦੇ ਸ਼ਬਦਾ ਦੀ ਮਿਲਾਵਟ ਜਰੂਰ ਹੋਈ ਹੈ ਕਿਉਂਕਿ ਅਸ਼ੋਕ ਵੇਲੇ ਪਾਲੀ ਤਾਲਮੇਲ਼ (ਸੰਪਰਕ) ਦੀ ਬੋਲੀ ਰਹੀ ਹੈ। ਜਿਵੇਂ ਸੰਸਕ੍ਰਿਤ ਭਾਸ਼ਾ ਆਰੀਆ ਦੀ ਰਾਜ ਭਾਸ਼ਾ ਵੀ ਰਹੀ ਹੈ ਅਤੇ ਸੰਪਰਕ ਭਾਸ਼ਾ ਵੀ ਰਹੀ ਹੈ। ਜੈਨ ਧਰਮ ਦੇ ਆਖਰੀ ਤੀਰਥਾਂਕਰ ਮਹਾਂਵੀਰ ਨੇ ਵੀ ਆਪਣਾ ਧਾਰਮਿਕ ਉਪਦੇਸ਼ ਮੱਗਹੀ (ਮਾਗਧੀ) ਬੋਲੀ ਵਿੱਚ ਦਿੱਤਾ ਜਿਹੜੀ ਕਿ

ਬਿਹਾਰ ਦੇ ਲੋਕਾਂ ਦੀ ਮਾਂ ਬੋਲੀ ਸੀ। ਇਸ ਤੋਂ ਇਹ ਸਬੂਤ ਮਿਲਦਾ ਹੈ ਕਿ ਦੇਸੀ ਬੋਲੀਆਂ ਦਾ ਸ਼ੋਸ਼ਣ ਕੀਤਾ ਗਿਆ ਹੈ। ਅੱਜ ਵੀ ਅਜਿਹਾ ਜਾਰੀ ਹੈ। ਦੂਜੇ ਪਾਸੇ ਪ੍ਰਿੰਸ ਸਿਧਾਰਥ ਪਿੱਛੋਂ ਬਣੇ ਤਥਾਗਤ ਬੁੱਧ ਨੇ ਵੀ ਧਾਰਮਿਕ ਪ੍ਰਚਾਰ ਆਪਣੀ ਮਾਂ ਬੋਲੀ ਵਿੱਚ ਹੀ ਕੀਤਾ। ਆਰੀਆ ਬੋਲੀ ਸੰਸਕ੍ਰਿਤ ਨੂੰ ਧਰਮ ਪ੍ਰਚਾਰ ਦਾ ਵਸੀਲਾ ਨਹੀ ਬਣਾਇਆ। ਅਸ਼ੋਕ ਨੇ ਵੀ ਇਸੇ ਪਾਲੀ ਬੋਲੀ ਨੂੰ ਹੀ ਰਾਜ ਭਾਸ਼ਾ ਬਣਾਇਆ। ਜਿੱਥੇ ਤੱਕ ਰਾਜ ਫੈਲਿਆ ਉੱਥੇ ਤੱਕ ਇਹ ਬੋਲੀ ਵੀ ਫੈਲ ਗਈ। ਸੰਪਰਕ ਬੋਲੀ ਹੋਣ ਕਰਕੇ ਇਸ ਦਾ ਦੂਜੀਆਂ ਦੇਸੀ ਬੋਲੀਆਂ ਤੇ ਅਸਰ ਪਿਆ। ਇਸ ਦੀ Vocabulary ਦੂਜੀਆਂ ਬੋਲੀਆਂ ਵਿੱਚ ਵੀ ਦੇਖੀ ਜਾ ਸਕਦੀ ਹੈ। ਪਰ ਪਾਲੀ ਦੇ ਗਰੈਮੈਟਿਕ ਰੂਪਾਂ ਦਾ ਦੂਜੀ ਦੇਸੀ ਬੋਲੀਆਂ ਤੇ ਪ੍ਰਭਾਵ ਨਹੀ ਪਿਆ। ਉਹਨਾਂ ਨੇ ਆਪਣੀਆਂ ਬੋਲੀਆਂ ਵਿੱਚ ਮੁਹਾਵਰੇ ਅਤੇ ਅਖਾਣਾਂ ਸੁਤੰਤਰ ਤੌਰ ਤੇ ਆਪ ਹੀ ਘੜੀਆਂ ਹਨ। ਇਸ ਤੋਂ ਪਤਾ ਚਲਦਾ ਹੈ ਕਿ ਉਨਾਂ ਨੂੰ ਆਪਣੀ ਮਾਂ ਬੋਲੀ ਨਾਲ ਕਿੰਨਾ ਪਿਆਰ ਹੈ। ਉਹ ਆਪਣੀ ਬੋਲੀ ਸੀਨੇ ਦਰ ਸੀਨੇ ਆਪਣੀ ਆਉਣ ਵਾਲੀ ਪੀੜੀ ਨੂੰ ਸਿਖਾਉਂਦੇ ਰਹੇ ਅਤੇ ਨਵੇਂ-ਨਵੇਂ ਸ਼ਬਦ ਵੀ ਘੜਦੇ ਰਹੇ। ਸਰਕਾਰ ਦੀ ਸਰਪ੍ਰਸਤੀ ਨਾ ਹੋਣ ਦੇ ਬਾਵਜੂਦ ਵੀ ਇਹ ਬੋਲੀਆਂ ਬਚਦੀਆਂ ਰਹੀਆਂ ਹਨ। ਇਹਨਾਂ ਨੂੰ ਕੋਈ ਵੀ ਜ਼ਰਵਾਨਾ ਧੱਕੇ ਨਾਲ ਖਤਮ ਨਹੀ ਕਰ ਸਕਿਆ। **ਅੱਜ ਕਈ ਲਿਖਾਰੀ ਕਹਿੰਦੇ ਹਨ ਕਿ ਪੰਜਾਬੀ ਮੁੱਕ ਜਾਵੇਗੀ। ਜਦਕਿ ਇਹਨਾਂ ਦੀ ਗਿਣਤੀ Wikipedia ਅਨੁਸਾਰ ਲਗਭਗ 15 ਕਰੋੜ ਹੈ। ਇਨਾਂ ਹੌਂਸਲਾ ਢਾਹੂ ਲਿਖਾਰੀਆਂ ਨੂੰ ਚੇਤੇ ਕਰਾਇਆ ਜਾਂਦਾ ਹੈ ਕਿ ਜਦੋ ਇਹ ਗੁਲਾਮ ਸਨ ਤਦ ਤਾਂ ਇਹ ਬੋਲੀ ਖਤਮ ਨਹੀ ਹੋ ਸਕੀ। ਜਦ ਕਿ ਹੁਣ ਇਹ ਸਰਕਾਰੀ ਬੋਲੀ ਬਣ ਗਈ ਹੈ ਤਾਂ ਇਹ ਕਿਵੇਂ ਖਤਮ ਹੋ ਸਕਦੀ ਹੈ।** ਜਦਕਿ ਹੁਣ ਪੰਜਾਬੀਆ ਦਾ ਹੀ ਰਾਜ ਹੈ। **ਭਾਵੇਂ ਪਾਕਿਸਤਾਨ ਵਿੱਚ ਬੇਸ਼ੱਕ ਸਰਕਾਰੀ**

**ਬੋਲੀ ਉਰਦੂ ਹੈ ਪਰ ਆਮ ਲੋਕ ਪੰਜਾਬੀ ਹੀ ਬੋਲਦੇ ਹਨ। ਉਹਨਾਂ ਦੇ ਸਾਰੇ ਰਾਜਸੀ ਆਗੂਆ ਦਾ ਲਹਿਜਾ ਵੀ ਪੰਜਾਬੀ ਹੈ। ਉਹਨਾਂ ਦੇ ਲੀਡਰ ਵੀ ਪੰਜਾਬੀ ਹੀ ਹਨ।** ਜਿਨਾਂ ਨੇ ਪੰਜਾਬੀ ਨੂੰ ਸਰਕਾਰੀ ਤੌਰ ਤੇ ਨੇੜੇ ਨਹੀ ਢੁੱਕਣ ਨਹੀ ਦਿੱਤਾ। ਪਰ ਇਹ ਆਮ ਲੋਕਾ ਦੀ ਹੀ ਸਰਪ੍ਰਸਤੀ ਹੈ ਜਿਨਾਂ ਨੇ ਪੰਜਾਬੀ ਨੂੰ ਮਰਨ ਨਹੀ ਦਿੱਤਾ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਲਈ ਇੱਕ ਜੁੱਟ ਹੋਣਾ ਪਵੇਗਾ। ਆਪਣੇ ਦਿਲਾਂ ਵਿੱਚੋਂ ਹੀਣ ਭਾਵਨਾ ਨੂੰ ਕੱਢਣਾ ਪਵੇਗਾ। **ਜਿਵੇਂ ਦੁਨੀਆਂ ਭਰ ਬੰਗਾਲੀਆਂ ਨੇ ਇੱਕ ਜੁੱਟ ਹੋ ਕੇ ਉਨਾਂ ਨੇ ਸਾਂਝੇ ਪਾਕਿਸਤਾਨ ਵਿੱਚ ਬੰਗਾਲੀ ਨੂੰ ਉਰਦੂ ਦੇ ਮੁਕਾਬਲੇ ਨੈਸ਼ਨਲ ਭਾਸ਼ਾ ਦਾ ਦਰਜ਼ਾ ਦਿਵਾਇਆ ਅਤੇ ਲਿੱਪੀ ਬੰਗਾਲੀ ਰੱਖੀ। ਅੱਜ ਬੰਗਾਲੀ ਬੋਲੀ ਸੰਸਾਰ ਦੀ ਸੱਤਵੀਂ ਵੱਡੀ ਬੋਲੀ ਮੰਨੀ ਜਾਂਦੀ ਹੈ। ਇਹਦੇ ਮੁਕਾਬਲੇ ਅੱਜ ਪੰਜਾਬੀਆਂ ਦੀ ਸੋਚ ਵੰਡੀ ਹੋਈ ਹੈ। ਕੋਈ ਅੱਜ ਇਸਨੂੰ ਆਪਣੀ ਮਾਂ ਬੋਲੀ ਦੀ ਥਾਂ ਹਿੰਦੀ ਨੂੰ ਮਾਂ ਬੋਲੀ ਸਮਝੀ ਬੈਠਾ ਹੈ। ਅੱਜ ਬਹੁਤੇ ਅਦਾਰਿਆ ਵਿੱਚ ਹਿੰਦੀ ਨੂੰ ਪਹਿਲੀ ਭਾਸ਼ਾ ਵੱਜੋਂ ਪੜਾਇਆ ਜਾ ਰਿਹਾ ਹੈ।** ਉਨ੍ਹਾਂ ਤੇ ਬਹੁਤ ਸਾਰਾ ਧੰਨ ਖਰਚ ਕੀਤਾ ਜਾ ਰਿਹਾ ਹੈ। ਜੇਕਰ ਇਹੀ ਧੰਨ ਆਪਣੀ ਮਾਂ ਬੋਲੀ ਤੇ ਖਰਚ ਕੀਤਾ ਜਾਵੇ ਤਾਂ ਆਪਣੀ ਮਾਂ ਬੋਲੀ ਪੰਜਾਬੀ ਕਿੰਨੀ ਤਰੱਕੀ ਕਰ ਸਕਦੀ ਹੈ। ਪੰਜਾਬ ਦੇ ਲੋਕ ਇੱਕ ਜੁੱਟ ਇਕੱਠੇ ਹੋ ਕੇ ਜਿੰਦਗੀ ਦੇ ਹਰ ਪਹਿਲੂ ਤੇ ਅੱਗੇ ਵੱਧ ਸਕਦੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਮਾਨ ਵੱਧੇਗਾ ਅਤੇ ਨਾਮ ਹੀ ਪੰਜਾਬੀ ਬੋਲੀ ਦਾ ਮਾਣ ਵੱਧੇਗਾ। ਇਸ ਪ੍ਰਕਾਰ ਜਿਹੜਾ ਸੱਭਿਆਚਾਰ ਆਪਣੇ ਵਡਾਰੂਆ ਤੋਂ ਸਿੱਖਿਆ ਹੈ ਉਹ ਵੀ ਅੱਗੇ ਵੱਧੇਗਾ। ਸਭ ਤੋਂ ਵੱਡੀ ਗੱਲ ਪੰਜਾਬੀ ਦਾ ਆਪਸੀ ਭਾਈਚਾਰਾ ਵੱਧੇਗਾ ਅਤੇ ਆਪਣੀਆ ਸਮੱਸਿਆ ਲਈ ਇੱਕ ਜੁੱਟ ਹੋਣਗੇ। ਇਸ ਪ੍ਰਕਾਰ ਉਨਾਂ ਦੀ ਹੀਣ ਭਾਵਨਾਂ ਖਤਮ ਹੋਵੇਗੀ ਅਤੇ ਆਪਸੀ ਭਾਈਚਾਰਾ ਵੱਧੇਗਾ। 1947 ਦੀ ਵੰਡ ਵੇਲੇ ਜਿਹੜਾ ਘਾਣ ਪੰਜਾਬੀਆਂ

ਦਾ ਹੋਇਆ ਹੈ ਇਹ ਇਨ੍ਹਾਂ ਨਾਲ **"ਜੱਗੋਂ ਤੇਹਰਵੀਂ ਹੋਈ ਹੈ"** ਕਿਉਂਕਿ 1947 ਤੋਂ ਪਹਿਲਾ ਇੱਥੇ ਲੋਕਾਂ ਵਿੱਚ ਭਾਸ਼ਾ ਦੇ ਤੌਰ ਤੇ ਵੰਡ ਪਈ ਹੋਈ ਸੀ। ਜੇ ਸਾਰੇ ਪੰਜਾਬੀ ਲੋਕ ਪੰਜਾਬੀ ਨੂੰ ਸਰਕਾਰ ਬੋਲੀ ਬਣਾਉਂਦੇ ਅਤੇ ਅੰਗ੍ਰੇਜ਼ਾ ਤੋਂ ਮੰਗ ਕਰਦੇ ਕਿ ਸਾਡੀ ਭਾਸ਼ਾ ਨੂੰ Medium of Instruction ਬਣਾਇਆ ਜਾਵੇ ਤਾਂ ਅੰਗ੍ਰੇਜ਼ਾਂ ਨੇ ਮੰਨ ਜਾਣਾ ਸੀ। ਪੰਜਾਬੀਆਂ ਦਾ ਭਾਰੂ ਧੜਾ ਅੰਗ੍ਰੇਜ਼ਾ ਤੋਂ ਉਰਦੂ ਨੂੰ ਸਰਕਾਰੀ ਬੋਲੀ ਬਣਾਉਣ ਵਿੱਚ ਸਫਲ ਰਿਹਾ ਅਤੇ ਜਿਸ ਦਾ ਸਿੱਟਾ ਅਸੀਂ 1947 ਦੀ ਵੰਡ ਵੇਲ਼ੇ ਦੇਖਿਆ। ਲੋਕ ਬੇਆਬਰੂ ਹੋਏ ਅਤੇ ਪੰਜਾਬੀ ਲੋਕਾਂ ਨੇ ਹੀ ਇੱਕ ਦੂਜਿਆਂ ਨੂੰ ਲੁੱਟਿਆ। ਬਹੁਤ ਔਖੇ ਹਾਲਾਤ ਵਿੱਚ ਆਪਣੇ ਆਪ ਨੂੰ ਸੈੱਟ ਕਰ ਸਕੇ। **ਸ. ਕਪੂਰ ਸਿੰਘ** (**ਆਈ.ਸੀ.ਐੱਸ**) ਦੀ ਕਿਤਾਬ **"ਸੱਚੀ ਸਾਖੀ"** ਅਨੁਸਾਰ ਪੰਜ ਲੱਖ ਲੋਕਾਂ ਦਾ ਕਤਲ ਹੋਇਆ ਅਤੇ ਖੁਸ਼ਵੰਤ ਸਿੰਘ ਅਨੁਸਾਰ ਦੱਸ ਲੱਖ ਲੋਕਾਂ ਦਾ ਕਤਲ਼ ਹੋਇਆ। **ਸੋ ਇਹਦੇ ਪਿੱਛੇ ਜਿਹੜਾ ਮੁੱਖ ਕਾਰਨ ਸੀ ਉਹ ਸੀ ਭਾਸ਼ਾਈ ਵੰਡ।** ਸੋ ਸਾਰਿਆਂ ਪੰਜਾਬੀਆਂ ਨੂੰ ਇੱਕੱਠੇ ਇੱਕ ਜੁੱਟ ਹੋਣ ਦੀ ਲੋੜ ਹੈ। ਸਾਰਿਆਂ ਪੰਜਾਬੀਆਂ ਨੂੰ ਇਕੱਠੇ ਹੋ ਕੇ ਇੱਕ ਲਿੱਪੀ ਵਰਤਨੀ ਚਾਹੀਦੀ ਹੈ। ਅਰਬੀ, ਫਾਰਸੀ ਅਤੇ ਸੰਸਕ੍ਰਿਤ ਸ਼ਬਦਾ ਤੋਂ ਪਰਹੇਜ਼ ਕਰਨਾ ਪਵੇਗਾ। ਆਪਣੇ ਲੋੜੀਂਦੇ ਸ਼ਬਦ ਪੰਜਾਬੀ ਅਨੁਸਾਰ ਘੜਨੇ ਪੈਣਗੇ।

# ਪੰਜਾਬੀ ਧੁਨੀ ਵਿਗਿਆਨ
## (PUNJABI PHONOLOGY)

ਮੈਨੂੰ ਇਉਂ ਲੱਗਦਾ ਹੈ ਕਿ ਪੰਜਾਬ ਦੀਆਂ ਧੁਨੀਆਂ ਨੂੰ ਕਲਮਬੰਦ ਕਰਨ ਦਾ ਉਪਰਾਲਾ ਸਭ ਤੋ ਪਹਿਲਾ ਬਾਬੇ ਨਾਨਕ ਨੇ ਹੀ ਕੀਤਾ ਹੈ। ਜਿਸ ਨੇ ਪੰਜਾਬ ਦੀ ਪੁਰਾਣੀ ਲਿੱਪੀ ਨੂੰ ਸੋਧ ਕੇ ਨਵਾਂ ਰੂਪ ਦਿੱਤਾ ਹੈ ਅਤੇ ਢੁੱਕਵੀਆਂ ਧੁਨੀਆਂ ਦਾ ਵੇਰਵਾ ਆਪਣੀ ਬਾਣੀ **'ਪੱਟੀ'** ਵਿੱਚ ਦਿੱਤਾ ਹੈ। ਜਿਹੜੀਆਂ ਵਾਧੂ ਧੁਨੀਆਂ ਕੰਮ ਨਹੀ ਸੀ ਆਉਦੀਆਂ ਉਹਨਾਂ ਨੂੰ ਆਪਣੀ ਲਿੱਪੀ ਵਿੱਚ ਥਾਂ ਨਹੀ ਦਿੱਤਾ। ਬਾਬੇ ਨਾਨਕ ਨੇ ਜਿਹੜੀਆਂ ਧੁਨੀਆਂ ਦਾ ਵੇਰਵਾ ਆਪਣੀ **'ਪੱਟੀ'** ਬਾਣੀ ਵਿੱਚ ਦਿੱਤਾ ਹੈ ਉਸ ਦੀ ਲੜੀ ਹੇਠ ਲਿਖੇ ਇਸ ਪ੍ਰਕਾਰ ਹੈ :

| | | | | |
|---|---|---|---|---|
| ਸ | ੲ | ੳ | ਙ | ਕ |
| ਖ | ਗ | ਘ | ਚ | ਛ |
| ਜ | ਝ | ਞ | ਟ | ਠ |
| ਡ | ਢ | ਣ | ਤ | ਥ |
| ਦ | ਧ | ਨ | ਪ | ਫ |
| ਬ | ਭ | ਮ | ਯ | ਰ |
| ਲ | ਵ | ੜ | ਹ | ਅ |

ਪਰ ਇਸ ਤੋਂ ਇਲਾਵਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੇਠ ਲਿਖੇ ਹੋਰ ਵੀ ਧੁਨੀਆਂ ਸ਼ਾਮਿਲ ਹਨ ਜੋ ਕਿ ਹੇਠ ਲਿਖੇ ਇਸ ਪ੍ਰਕਾਰ ਹਨ :

ਅੱਖਰ ਦੇ ਪੈਰ ਵਿੱਚ ਹਾਹਾ (੍ਹ) ਅਤੇ ਪੁੱਠਾਹਾਹਾ (੍ਹ) ਪਾਉਣਾ।

ਨਾਗਰੀ ਲਿੱਪੀ ਦਾ ਅਯੋਗਵਾਹਾ (:) ਦਾ ਲਿਖਣਾ।

ਅੱਖਰ ਦੇ ਪੈਰ ਵਿੱਚ ਰਾਰਾ ( ੍ਰ ) ਅਤੇ ਵਾਵਾ ( ੍ਵ ) ਪਾਇਆ ਗਿਆ ਜੋ ਕਿ ਧੁਨੀਗ੍ਰਾਮ ਅਤੇ ਅੱਖਰ ਨੂੰ Hard ਅਤੇ Soft ਕਰਨ ਲਈ ਵਰਤੇ ਗਏ ਹਨ।

ਇਸ ਤੋਂ ਇਲਾਵਾ ਅੱਜ ਕੱਲ ਗੁਰਮੁਖੀ ਵਿੱਚ ਅੱਧਕ ( ੱ ) ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜੋ Hard ਧੁੰਨੀ ਦਾ ਪ੍ਰਤੀਕ ਹੈ। ਪਰ ਅੱਧਕ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਨਹੀ ਕੀਤੀ ਗਈ।

ਪ੍ਰੋ: ਪ੍ਰੀਤਮ ਸਿੰਘ ਨੇ ਆਪਣੀ ਕਿਤਾਬ ਵਿੱਚ ਵੇਰਵਾ ਦਿੱਤਾ ਹੈ ਕਿ ਬਾਬੇ ਫਰੀਦ ਦੀ ਫਾਰਸੀ ਰਚਨਾ ਹੀ ਉਹਨਾਂ ਦੇ **ਸਿਲਸਿਲੇ (School of Thought)** ਨੂੰ ਪਤਾ ਹੈ। ਪਰ ਪੰਜਾਬੀ ਰਚਨਾ ਬਾਰੇ ਉਹਨਾਂ ਦੇ ਸਿਲਸਿਲੇ ਵਾਲਿਆਂ ਨੂੰ ਪਤਾ ਹੀ ਨਹੀ ਹੈ। ਜਦ ਕਿ ਉਹਨਾਂ ਦੀ ਬਾਣੀ ਜੋ ਕਿ **ਮੁਲਤਾਨੀ ਬੋਲੀ ਵਿੱਚ ਹੈ**, ਹਾਲੇ ਤੱਕ ਵੀ **ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਂਭੀ ਹੋਈ ਹੈ**। ਸੋ ਸਿੱਖਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਿਆਂ ਵਿੱਚ ਇਸ ਦੀ ਸਨਮਾਨ ਯੋਗ ਥਾਂ ਹੈ। ਸੋ ਅਸੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਜਿਹੜਾ ਉਪਰਾਲਾ ਬਾਬੇ ਨਾਨਕ ਨੇ ਕੀਤਾ ਹੈ ਇਹਨਾਂ ਤੋਂ ਪਹਿਲਾਂ ਹੋਰ ਕਿਸੇ ਨੇ ਨਹੀ ਕੀਤਾ। ਉਹਨਾਂ ਨੇ ਆਪਣੀ ਬਾਣੀ ਪੋਠੋਹਾਰੀ ਵਿੱਚ ਰਚੀ ਜੋ ਕਿ ਉਹਨਾਂ ਦੀ ਮਾਂ ਬੋਲੀ ਸੀ। **ਇੱਥੋਂ ਦੀ ਪੁਰਾਣੀ ਲਿੱਪੀ ਜਿਸ ਨੂੰ ਟਾਕਰੀ ਕਿਹਾ ਜਾਂਦਾ ਸੀ**, ਨੂੰ ਸੋਧ ਕੇ ਉਸ ਵਿੱਚ ਆਪਣੀ ਬਾਣੀ ਰਚੀ। **ਇਹ ਟਾਕਰੀ ਲਿੱਪੀ ਸੰਸਕ੍ਰਿਤ ਬੋਲੀ ਨੂੰ ਲਿਖਣ ਦਾ ਮਾਧਿਅਮ ਵੀ ਬਣੀ ਰਹੀ**। ਇਸ ਦੀ ਵਰਤੋਂ ਚੰਬੇ ਦੇ ਰਾਜੇ ਅਤੇ ਕੁੱਲੂ ਰਾਜੇ ਆਦਿ ਨੇ ਵੀ ਵਰਤੋਂ ਕੀਤੀ। ਭਾਵ ਇਹ ਟਾਕਰੀ ਲਿੱਪੀ ਰਾਜ ਲਿੱਪੀ ਵੀ ਰਹੀ। Alexander Cunnigham ਦੇ ਅਨੁਸਾਰ ਇਹ ਲਿੱਪੀ **ਯਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ ਪ੍ਰਚਲਿਤ ਰਹੀ ਹੈ**। ਜਿਸ ਦੇ **ਗੁਰਮੁਖੀ ਨਾਲ 30 ਅੱਖਰ ਮਿਲਦੇ ਹਨ। ਟਾਕਰੀ ਵਿੱਚ " ੜ" ਅੱਖਰ ਨਹੀ ਹੈ**। ਇਸ

ਵਿੱਚ **ਤਾਲਵੀ ਸ਼ਾਂ ਅਤੇ ਖਰਵਾ ਤਾਲੂ ਸ਼ਾ ਮੌਜੂਦ ਹੈ। ਜਦ ਕਿ ਪੰਜਾਬੀ ਵਿੱਚ ਇਹ ਦੋਵੇਂ ਧੁਨੀਆਂ ਨਹੀ ਹਨ।** ਇਸ ਤੋਂ ਇਲਾਵਾ ਗੁਰਮੁਖੀ ਦੇ "**ਙ**", " **ਵ** ", "**ਣ** ", ਅਤੇ "**ਵ** " ਅੱਖਰ ਟਾਕਰੀ ਲਿੱਪੀ ਨਾਲ ਮੇਲ਼ ਨਹੀ ਖਾਂਦੇ ਹਨ।

ਇਸ ਤੋਂ ਇਲਾਵਾ ਅੱਜ ਕੱਲ ਪੰਜਾਬੀ ਵਿੱਚ ਹੋਰ ਧੁਨੀਆਂ ਸ਼ਾਮਿਲ ਕੀਤੀਆਂ ਗਈਆਂ ਹਨ ਜੋ ਕਿ ਹੇਠ ਲਿਖੇ ਇਸ ਪ੍ਰਕਾਰ ਹਨ :

**"ਸ਼ ਖ਼ ਗ਼ ਜ਼ ਫ਼ ਲ਼"**

ਇਹ ਛੇ ਧੁਨੀਆਂ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਨਹੀ ਹਨ। ਉਪਰੋਕਤ ਛੇ ਧੁਨੀਆਂ ਵਿੱਚੋਂ ਪਹਿਲੀਆਂ ਪੰਜ ਧੁਨੀਆਂ ਦਾ ਸਬੰਧ **ਕੂਫੀ ਲਿੱਪੀ** (ਭਾਵ ਆਲਿਫ,ਬੇ) ਨਾਲ ਹੈ ਜਿਹੜੀਆਂ ਕਿ Semtic ਧੁਨੀਆਂ ਹਨ। ਅਖੀਰਲੀ ਧੁਨੀ **ਲ਼** ਹੈ ਜੋ ਕਿ ਰਿਗਵੇਦ, ਪ੍ਰਕ੍ਰਿਤਾਂ, ਪਾਲੀ, ਮਰਾਠੀ, ਦ੍ਰਾਵਿੜ, ਪੰਜਾਬੀ ਅਤੇ ਜਪਾਨੀ ਵਿੱਚ ਮੌਜੂਦ ਹੈ।

"**ੜ**" ਧੁਨੀ ਦਾ ਪੰਜਾਬੀ ਨਾਲ ਕਾਫੀ ਪੁਰਾਣਾ ਸਬੰਧ ਹੈ। ਇਹ ਧੁਨੀ ਵੈਦਿਕ ਕਾਲ ਵਿੱਚ ਵੀ ਬੋਲੀ ਜਾਂਦੀ ਸੀ। ਜਿਹੜੀ ਕਿ ਪੰਡਿਤ ਕਰਤਾਰ ਸਿੰਘ ਦਾਖਾ ਨੇ ਆਪਣੀ ਕਿਤਾਬ "**ਗੁਰਮੁਖੀ ਨਾਗਰੀ ਟਾਕਰਾ**" ਵਿੱਚ ਦੱਸੀ ਹੈ। ਇਹ ਧੁਨੀ ਸਾਰੀਆਂ ਦ੍ਰਾਵਿੜ ਬੋਲੀਆਂ, ਮੁੰਡਾ ਬੋਲੀ ਅਤੇ ਹਿੰਦੀ ਵਿੱਚ ਮੌਜੂਦ ਹੈ। ਕੁਝ ਸਿੱਖ ਵਿਦਵਾਨਾ ਰਾਹੀਂ ਇਹ ਪ੍ਰਚਾਰ ਕੀਤਾ ਗਿਆ ਹੈ ਕਿ ਬਾਬੇ ਨਾਨਕ ਨੇ ਇੱਕ ਵੀ ਅੱਖਰ ਨਹੀ ਬਣਾਇਆ। ਸੋ ਇਹ ਕਿੱਡੀ ਹਾਸੋ ਹੀਣੀ ਗੱਲ ਹੈ। ਜਿਸ ਮਹਾਂ ਪੁਰਖ ਨੇ **੧ੴ** ਦੀ **ਫਿਲਾਸਫੀ** ਨੂੰ ਜਨਮ ਦਿੱਤਾ ਹੈ ਅਤੇ **ਗੁਰਬਾਣੀ ਨੂੰ ਲਿੱਪੀਬੰਦ ਕੀਤਾ** ਹੈ, ਇਸ ਤੋਂ ਉਹਨਾਂ ਦੀ Epigraphy ਅਤੇ **ਫਿਲਾਸਫੀ ਦੀ ਸਮਝ ਬਾਰੇ ਪਤਾ ਲੱਗਦਾ** ਹੈ ਕਿ ਉਹ ਉਸ ਸਮੇਂ ਦੇ ਕਿੱਡੇ ਵਿਦਵਾਨ ਸਨ। ਬਾਬੇ ਨਾਨਕ ਤੋਂ ਪਹਿਲਾ ਸਾਨੂੰ ਕੋਈ ਵੀ ਅਜਿਹਾ ਲਿਖਤੀ ਨਮੂਨਾ ਨਹੀ ਮਿਲਦਾ ਹੈ ਕਿ ਜਿਸ ਵਿੱਚ ਗੁਰਮੁਖੀ ਦੇ ਪੈਂਤੀ ਅੱਖਰ ਗਿਣਾਏ ਹੋਣ। ਬਾਬੇ ਨਾਨਕ ਤੋਂ ਪਹਿਲਾਂ ਜਿਸ ਨੇ ਵੀ ਪੰਜਾਬੀ

ਵਿੱਚ ਰਚਨਾ ਕੀਤੀ ਹੈ, ਉਹਨਾਂ ਦਾ ਕੋਈ ਵੀ ਸਬੂਤ ਨਹੀ ਮਿਲਦਾ ਕਿ ਉਹਨਾਂ ਨੇ ਗੁਰਮੁਖੀ ਅੱਖਰਾਂ ਵਿੱਚ ਲਿਖਿਆਂ ਹੋਵੇ।

ਜੇਕਰ ਸੂਫੀਆਂ ਦੀ ਗੱਲ ਕਰੀਏ ਤਾਂ ਉਹਨਾਂ ਨੇ ਆਪਣੀਆਂ ਰਚਨਾਵਾਂ ਕੂਫੀ ਲਿੱਪੀ (ਆਲਿਫ, ਬੇ) ਵਿੱਚ ਲਿਖੀਆਂ। ਇਸ ਤੋ ਇਲਾਵਾ ਇੱਕ ਸਿੱਧ ਮਾਤਰਕਾ ਲਿੱਪੀ ਪੁਰਾਣੇ ਸਮੇਂ ਵਿੱਚ **ਕਸ਼ਮੀਰ** ਅਤੇ **ਬਨਾਰਸ** ਵਿੱਚ ਚਲਦੀ ਰਹੀ ਜੋ ਕਿ ਸੰਸਕ੍ਰਿਤ ਲਿਖਣ ਲਈ ਵਰਤੀ ਜਾਂਦੀ ਸੀ। ਇਹ ਦੋਵੇਂ ਕੇਂਦਰ ਸੰਸਕ੍ਰਿਤ ਬੋਲੀ ਦੇ ਕੇਂਦਰ ਸਨ। ਅਲ-ਬਰੂਨੀ ਦੀ ਕਿਤਾਬ "**ਕਿਤਾਬ ਅਲ ਹਿੰਦ**" ਵਿੱਚ ਕੁਝ ਲਿੱਪੀਆਂ ਦਾ ਵਰਣਨ ਮਿਲਦਾ ਹੈ। ਜਿਸ ਵਿੱਚ ਸਿੱਧ ਮਾਤਰਕਾ, ਅਰਧ-ਨਾਕਰੀ (ਅਰਧ ਨਾਗਰੀ), ਜੋ ਕਿ ਉਸ ਵੇਲੇ **ਭੱਟੀ ਦੇਸ਼** ਵਿੱਚ ਪ੍ਰਚੱਲਿਤ ਸੀ। ਜਿਸ ਨੂੰ ਅੱਜ ਕੱਲ ਬਠਿੰਡਾ ਕਿਹਾ ਜਾਂਦਾ ਹੈ। ਅਲ ਮੰਨਸੂਰਾ ਕਸਬੇ ਵਿੱਚ ਵੀ ਅਰਧ ਨਾਗਰੀ ਲਿੱਪੀ ਚੱਲਦੀ ਸੀ। ਸਿੱਧ ਮਾਤਰਕਾ ਦੇ ਸਿਰਫ ਦੱਸ ਅੱਖਰ ਹੀ ਗੁਰਮੁਖੀ ਨਾਲ ਮੇਲ਼ ਖਾਂਦੇ ਹਨ। ਇਸ ਦਾ ਹਵਾਲਾ ਅਸੀ An Essay on Antiquity of India ਵਿੱਚ ਦੇਖ ਸਕਦੇ ਹਾਂ।

ਪੰਜਾਬੀ ਬੋਲੀਆਂ ਤੇ ਬਾਹਰਲੀਆਂ ਨਸਲਾਂ ਅਤੇ ਰਾਜਿਆਂ, ਜਿਹਨਾਂ ਨੇ ਰਾਜ ਕੀਤਾ, ਦਾ ਵੀ ਪ੍ਰਭਾਵ ਪਿਆਂ। ਜਿਹਨਾਂ ਵਿੱਚੋਂ ਸਭ ਤੋਂ ਪੁਰਾਣੀ ਨਸਲ ਆਰੀਆ ਹਮਲਾਵਰਾਂ ਦੀ ਹੈ, ਜਿਹਨਾਂ ਦੀ ਬੋਲੀ ਵੈਦਿਕ ਬੋਲੀ ਅਤੇ ਪਿੱਛੋ ਸੰਸਕ੍ਰਿਤ ਬੋਲੀ ਅਖਵਾਉਦੀ ਰਹੀ। ਪ੍ਰਸਿੱਧ **ਸੰਸਕ੍ਰਿਤ ਗਰੈਮੇਰੀਅਨ ਪਾਣਿਨੀ ਦੀ ਅਸ਼ਟ ਅਧਿਆਇ ਕਿਤਾਬ** ਵਿੱਚ ਸੰਸਕ੍ਰਿਤ ਧੁਨੀਆਂ ਦਾ ਵਰਣਨ ਕੀਤਾ ਹੈ। ਉਸ ਨੇ ਸੰਸਕ੍ਰਿਤ ਦੀਆਂ 43 ਧੁਨੀਆਂ ਮੰਨੀਆਂ ਹਨ। ਜਿਹਨਾਂ ਵਿੱਚੋਂ ਪੰਜ ਧੁਨੀਆਂ ਅੱਜ ਦੀ ਗੁਰਮੁਖੀ ਵਿੱਚ ਨਹੀ ਹਨ। ਇਹ ਪੰਜ ਧੁਨੀਆਂ ਹੇਠ ਲਿਖੇ ਇਸ ਪ੍ਰਕਾਰ ਹਨ :

**ਰਿਰੀ, ਲੱਲਰੀ, ਤਾਲਵੀ ਸ਼ਾ, ਖਰਵਾ ਤਾਲਵੀ ਸ਼ਾ, ਅਯੋਗਵਾਹਾ।**

ਉਪਰੋਕਤ ਪੰਜ ਧੁਨੀਆਂ ਅੱਜ ਦੀ ਗੁਰਮੁਖੀ ਵਿੱਚ ਮੌਜੂਦ ਨਹੀ ਹਨ ਕਿਉਕਿ ਇਹ ਪੰਜਾਬ ਦੇ ਲੋਕਾ ਦੀਆਂ ਧੁਨੀਆਂ ਨਹੀ ਸਨ। ਇਹ ਧੁਨੀਆਂ ਲੋਕਾ ਨੇ ਆਪਣੀ ਬੋਲੀ ਅਨੁਸਾਰ ਢਾਲ ਲਈਆਂ ਸਨ ਜਿਵੇ :

- **ਰਿਰੀ ਤੋਂ ਰ ਜਾਂ ਪੈਰੀ ਰ** ਪਾਉਣਾ।
- **ਲਰੀ** ਲੋਕਾ ਵਿੱਚ ਪ੍ਰਚੱਲਿਤ ਨਹੀ ਹੋ ਸਕੀ।
- **ਤਾਲਵੀ ਸ਼ਾ** ਨੂੰ ਲੋਕਾਂ ਨੇ ਸਧਾਰਨ **ਸ** ਵੱਜੋਂ ਵਰਤਿਆ।
- **ਖਰਵਾ ਤਾਲਵੀ ਸ਼ਾ** ਨੂੰ **ਛ** ਜਾਂ **ਖ** ਵਜੋਂ ਵਰਤਿਆ। ਜਿਵੇ ਰਿਸ਼ੀ ਨੂੰ ਰਿਖੀ ਅਤੇ ਵਰਸ਼ਾ ਨੂੰ ਵਰਖਾ ਆਦਿ ਲਿਖਿਆ।
- **ਅਯੋਗਵਾਹਾ** ਦੀ ਥਾਂ ਅੱਖਰ ਦੇ ਪੈਰ **'ਚ ਹ** ( ੍ਹ ) ਲਿਖਣ ਦਾ ਰਿਵਾਜ ਵਿੱਚ ਹੋ ਗਿਆ।

ਇਸ ਤਰਾਂ ਉਪਰੋਕਤ ਪੰਜ ਧੁਨੀਆਂ ਜਿਹੜੀ ਗੁਰਮੁਖੀ ਵਿੱਚ ਨਹੀ ਸਨ ਉਹਨਾਂ ਦਾ ਆਪਣੇ ਅੱਖਰਾਂ ਨਾਲ ਹੀ ਬੁੱਤਾ ਸਾਰਿਆ। Ancient Religion of Iran ਦੀ ਖੋਜ ਅਨੁਸਾਰ ਆਰੀਆ ਨਸਲ ਸੈਂਟਰਲ ਏਸ਼ੀਆ ਅਤੇ ਈਰਾਨ ਤੱਕ ਫੈਲੀ ਹੋਈ ਸੀ, ਜਿਨ੍ਹਾਂ ਨੇ ਇੱਥੇ ਹਮਲਾਂ ਕਰਕੇ ਸੱਤਾ ਸਥਾਪਤ ਕੀਤੀ ਅਤੇ ਇੱਥੇ ਦੇ ਲੋਕਾ ਤੇ ਬਹੁ-ਪੱਖੀ ਪ੍ਰਭਾਵ ਪਾਇਆ ਜਿਵੇ ਭਾਸ਼ਾਈ, ਨਸਲੀ, ਰਾਜਨੀਤਿਕ, ਸਮਾਜਿਕ, ਅਤੇ ਸੱਭਿਆਚਾਰ ਆਦਿ ਤੇ ਆਪਣਾ ਅਸਰ ਛੱਡਿਆ। ਡਾ. ਰਾਧਾ ਕ੍ਰਿਸ਼ਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਦੀ ਕਿਤਾਬ The Indian Philosophy ਦੇ ਪਹਿਲੇ ਅਧਿਆਏ ਵਿੱਚ ਵਰਣਨ ਕੀਤਾ ਹੈ ਕਿ ਜਦੋਂ ਆਰੀਆ ਭਾਰਤ ਵਿੱਚ ਦਾਖਲ ਹੋਏ ਤਾਂ ਉਹ ਪੰਜਾਬ ਰਾਹੀਂ ਦਾਖਲ ਹੋਏ। ਉਨ੍ਹਾਂ ਦੇ ਸਮਾਜਿਕ ਢਾਂਚੇ ਵਿੱਚ ਤਿੰਨ ਵਰਣ ਸਨ। ਚੌਥਾ ਵਰਣ ਜਿਸ ਨੂੰ ਸ਼ੂਦਰ ਕਿਹਾ ਗਿਆ ਹੈ, ਨੂੰ ਬਾਅਦ ਵਿੱਚ ਸ਼ਾਮਿਲ ਕੀਤਾ ਗਿਆ। ਪੰਜਾਬ ਦੇ ਲੋਕਾ ਦੀ ਆਪਣੀ ਲਿੱਪੀ ਸੀ।

ਜਿਸ ਨੂੰ ਉਹ ਭੁੱਲ ਚੁੱਕੇ ਹਨ ਅਤੇ ਸੰਸਾਰ ਦੇ ਵਿਦਵਾਨ ਅੱਜ ਤੱਕ ਇਸ ਨੂੰ ਪੜਨ ਵਿੱਚ ਸਫਲ ਨਹੀ ਹੋ ਸਕੇ। ਇਉਂ ਲੱਗਦਾ ਹੈ ਕਿ ਹਰ ਬਾਹਰਲਾ ਰਾਜਾ ਹਾਰੇ ਹੋਏ ਲੋਕਾ ਤੇ ਆਪਣਾ ਬਹੁ-ਪੱਖੀ ਪ੍ਰਭਾਵ ਪਾਉਂਦਾ ਹੈ ਅਤੇ ਜਿਵੇਂ ਵੀ ਹੋਵੇ ਉਹਨਾਂ ਨੂੰ ਚਿਰਸਥਾਈ ਆਪਣੇ ਅਧੀਨ (ਅੱਜੀ) ਰੱਖਿਆ ਜਾਵੇ।

ਪਾਰਸੀ ਧਰਮ ਦੀ ਪੁਰਾਣੀ ਪੁਸਤਕ "**ਜ਼ੰਦਅਵੇਸਦਾਂ**" ਹੈ। ਜਿਸ ਦੀਆਂ ਧੁਨੀਆ ਦਾ ਜ਼ਿਕਰ ਪਾਰਸੀ ਦੇ ਪ੍ਰਸਿੱਧ ਵਿਦਵਾਨ ਖਬਰਦਾਰ ਨੇ 1948 ਵਿੱਚ ਆਪਣੀ ਛਪੀ ਕਿਤਾਬ ਵਿੱਚ ਕੀਤਾ ਕੀਤਾ ਹੋਇਆ ਹੈ। ਜਿਸ ਦਾ ਨਾਮ **ਆਹੁਨਵਤੀ** ਹੈ। ਡਾ. Grierson ਨੇ ਵੀ ਆਪਣੀ ਕਿਤਾਬ The Pisacha Language ਵਿੱਚ ਇਹਨਾਂ ਧੁਨੀਆ ਦਾ ਜ਼ਿਕਰ ਕੀਤਾ ਹੈ। ਜਿਸ ਤੋਂ ਪਤਾ ਲੱਗਾ ਹੈ ਕਿ ਆਰੀਆ ਲੋਕਾ ਨੇ ਵੀ ਪੰਜਾਬ ਦੀਆਂ ਧੁਨੀਆਂ ਨੂੰ ਅਪਣਾਇਆ ਹੈ। **ਇੰਡੀਅਨ ਆਰੀਆ** ਨੇ ਪੰਜਾਬ ਦੀਆਂ **ਟ ਵਰਗ** ਦੀਆਂ ਸਾਰੀਆਂ **ਧੁਨੀਆਂ** ਅਤੇ **ਧੁਨੀਗ੍ਰਾਮ ਦੀਆਂ ਪੰਜ ਧੁਨੀਆ** ਇੱਥੋਂ ਹੀ ਲਈਆਂ ਹਨ ਅਤੇ **ਣ** ਵੀ ਇੱਥੋਂ ਹੀ ਲਿਆ ਹੈ। ਕਿਉਂਕਿ ਪਾਰਸੀ, ਆਰੀਆ ਅਤੇ ਇੰਡੀਅਨ ਆਰੀਆ ਇੱਕੋ ਹਨ ਗਰੁੱਪ ਦੇ ਹਨ। ਇਥੋ ਇਹ ਸਿੱਟਾ ਨਿਕਲਦਾ ਹੈ ਕਿ ਇਹ ਧੁਨੀਆਂ ਇੱਥੋ ਹੀ ਲਈਆ ਹਨ ਅਤੇ ਆਪਣੀ ਬੋਲੀ ਸੰਸਕ੍ਰਿਤ ਵਿੱਚ ਪ੍ਰਚਲਿਤ ਕਰ ਦਿੱਤੀਆਂ ਹਨ। ਸਬੂਤ ਲਈ ਸੰਸਕ੍ਰਿਤ ਗਰੈਮਰ ਵਿੱਚ **ਟ** ਵਰਗ ਦੀਆਂ ਧੁਨੀਆਂ ਦੇ ਸਿਰਫ ਦਸ ਕੁ ਰੂਟ ਹੀ ਮਿਲਦੇ ਹਨ। ਜਦਕਿ ਪੰਜਾਬੀ ਵਿੱਚ **ਟ ਵਰਗ** ਦੀਆਂ ਧੁਨੀਆਂ ਦੇ ਅਨੇਕਾ ਰੂਟ ਮਿਲਦੇ ਹਨ।

**ਅਣ ਪੰਜਾਬੀ ਬੋਲੀਆਂ ਦੀਆਂ ਧੁਨੀਆਂ ਨੂੰ ਆਪਣੀ ਬੋਲੀ ਅਨੁਸਾਰ ਢਾਲਣਾ**: ਪੰਜਾਬੀ ਬੋਲੀ ਵਿੱਚ ਵੀ ਅਣ ਪੰਜਾਬੀ ਬੋਲੀਆਂ ਦੀਆਂ

ਧੁਨੀਆਂ ਨੂੰ ਹੇਠ ਲਿਖੇ ਆਪਣੀ ਬੋਲੀ ਅਨੁਸਾਰ ਢਾਲ ਕੇ ਲਿਖੀਆਂ ਗਈ ਹਨ :

- ਜਿਵੇ ਜਪੁਜੀ ਸਾਹਿਬ ਵਿੱਚ **ਫਾਰਸੀ** ਦਾ **ਸ਼ਬਦ ਜੋਰੁ** ਸਧਾਰਣ ਜ ਨਾਲ ਲਿਖਿਆ ਹੈ ਨਾ ਕਿ ਜ਼ ਨਾਲ।
- **ਕਾਜ਼ੀ ਦੀ ਥਾਂ ਕਾਦੀ** ਲਿਖਿਆ ਹੈ ਭਾਵ ਕਾਫ ਬਿੰਦੀਆਂ ਵਾਲੇ ਦੀ ਥਾਂ **ਸਧਾਰਨ ਕ** ਹੀ ਲਿਖਿਆ ਹੈ।
- **ਜਾਦ ਦੀ ਥਾਂ ਸਧਾਰਨ ਜ ਲਿਖਿਆ ਹੈ।**
- **ਹਜ਼ੂਰ ਦੀ ਥਾਂ ਹਦੂਰ ਲਿਖਿਆ ਹੈ।**
- **ਇਸੇ ਤਰ੍ਹਾਂ ਖ਼ਰ ਦੀ ਥਾਂ ਖਰ ਲਿਖਿਆ ਹੈ।**
- **ਫ਼ ਦੀ ਥਾਂ ਫ ਵਰਤਿਆ ਹੈ ਜਿਵੇਂ ਬੇਅਫਤਮ।**
- **ਸੇ ਦੀ ਥਾਂ ਸ ਹੀ ਵਰਤਿਆ ਹੈ। ਜਿਵੇਂ ਸਾਬਤੁ।**
- **ਗ਼ ਦੀ ਥਾਂ ਗ ਹੀ ਵਰਤਿਆ ਹੈ ਜਿਵੇਂ ਗਿਲਾਨਿ।**
- **ਐਨ ਦੀ ਥਾਂ ਅ ਹੀ ਵਰਤਿਆ ਹੈ ਜਿਵੇਂ ਅਉਰਤ।**
- **ਸ਼ ਦੀ ਥਾਂ ਸਧਾਰਨ ਸ ਹੀ ਵਰਤਿਆ ਹੈ ਜਿਵੇਂ ਸਾਇਰ।**

ਸਾਹਸ ਰਾਜਿਆਂ ਦੇ ਸਿਲਾਲੇਖ (Inscription) ਰਣ ਆੱਫ ਕੱਛ ਅਤੇ ਗੁਜਰਾਤ ਤੋਂ ਮਿਲੇ। ਜਿਹਨਾਂ ਵਿੱਚ ਸਾਹਸੀ ਰਾਜਿਆਂ ਦਾ ਨਾਮ ਆਉਂਦਾ ਹੈ, ਜਿਸ ਵਿੱਚ ਸਾਹਸੀ ਰਾਜਿਆਂ ਦਾ ਕਾਲਕ੍ਰਮ (Chronological order) ਟੁੱਟਿਆ ਹੋਇਆ ਨਜ਼ਰ ਆ ਰਿਹਾ ਹੈ। ਸਾਹਸ ਸ਼ਬਦ ਬਾਰੇ **An Antiquity of India** ਤੋਂ ਸਾਨੂੰ ਪਤਾ ਚਲਦਾ ਹੈ ਕਿ ਇਹ ਸਾਹਸ ਸ਼ਬਦ ਸੰਸਕ੍ਰਿਤ ਦਾ ਨਹੀ ਹੈ। ਹੋ ਸਕਦਾ ਹੈ ਕਿ ਇਹ ਸ਼ਬਦ ਫਾਰਸੀ ਸ਼ਬਦ ਸ਼ਾਹ ਤੋਂ ਲਿਆ ਹੋਵੇ। ਇਹ ਸ਼ਬਦ ਸ਼ਾਹੂਕਾਰੇ ਵਾਸਤੇ ਵਰਤਿਆ ਜਾਂਦਾ ਹੈ। ਮੱਧ ਪ੍ਰਦੇਸ ਵਿੱਚ ਤੇਲੀ ਨੂੰ ਸਾਹੂ ਕਿਹਾ ਜਾਂਦਾ ਹੈ। ਬਨਾਰਸ ਵਿੱਚ ਇਹ ਸ਼ਾਹੂਕਾਰੇ ਦਾ ਕੰਮ ਕਰਦੇ

ਹਨ। ਉਪਰੋਕਤ ਕਿਤਾਬ ਵਿੱਚ ਲਿਖਿਆ ਹੈ ਕਿ ਸਾਹਸੀ ਰਾਜਾ ਈਰਾਨ ਦੇ ਬਾਦਸ਼ਾਹ ਜਮਸ਼ੈਦ ਨੂੰ ਟੱਕਰ (Challenge) ਦਿੰਦਾ ਸੀ। **ਫਿਰਦੋਸੀ ਦੇ ਸ਼ਾਹਨਾਮੇ** ਅਨੁਸਾਰ **ਦਾਹਕ** (Ten Calamity) ਰਾਜੇ ਨੇ ਈਰਾਨ ਦੇ ਬਾਦਸ਼ਾਹ ਜਮਸ਼ੈਦ ਨੂੰ ਹਰਾਇਆ। ਦਾਹਕ ਰਾਜਾ ਆਪਣੇ ਮੋਢਿਆ ਤੇ ਸੱਪ ਰੱਖਦਾ ਸੀ। ਕਿਹਾ ਜਾਂਦਾ ਹੈ ਕਿ ਉਸ ਨੇ ਹੀ ਟੈਕਸਿਲਾ ਵਸਾਈ ਹੈ, ਜਿੱਥੇ ਇੰਡੀਆ ਦੀ ਪਹਿਲੀ ਯੂਨੀਵਰਸਿਟੀ ਸਥਾਪਿਤ ਹੋਈ। ਉਸ ਦਾ ਸਮਾਂ ਲੱਗਭਗ 1500 B.C. ਮੰਨਿਆ ਜਾਂਦਾ ਹੈ। ਇਸ ਤੋਂ ਇਹ ਵੀ ਪਤਾ ਚਲਦਾ ਹੈ ਕਿ ਟੱਕ ਨਾਂ ਦੀ ਜਾਤੀ ਨੇ ਹੀ ਟੱਕ ਦੇਸ਼ ਅਤੇ ਟਾਕਰੀ ਨੂੰ ਜਨਮ ਦਿੱਤਾ ਹੈ। ਪਰ ਪੰਜਾਬੀ ਦੇ ਨਮੂਨੇ ਨਹੀ ਮਿਲਦੇ ਪਰ ਇੱਕ ਗੱਲ ਜਰੂਰ ਹੈ ਕਿ ਟਾਕਰੀ ਦਾ ਉਚਾਰਣ ਪੰਜਾਬੀ ਦੇ ਉਚਾਰਣ ਵਾਂਗ ਹੀ ਹੈ। ਹੋਰ ਅਨੇਕਾਂ ਰਾਜੇ ਵੀ ਬਾਹਰੋਂ ਆਏ ਜਿਵੇਂ ਗ੍ਰੀਕ, ਮੁਗਲ਼, ਪਠਾਨ, ਅਰਬੀ, ਅਤੇ ਤੁਰਕੀ ਆਦਿ। ਪਰ ਇਹਨਾਂ ਵਿੱਚੋਂ ਕਿਸੇ ਨੇ ਵੀ ਦੇਸੀ ਬੋਲੀ ਅਤੇ ਦੇਸੀ ਅੱਖਰਾਂ ਦੀ ਬਾਂਹ ਨਹੀ ਫੜੀ।

ਉਪਰੋਕਤ ਹਾਕਮਾਂ ਦੀ ਥਾਂ ਜਦੋਂ ਇੱਥੋਂ ਦੇ ਰਾਜੇ ਰਾਜ ਕਰਨ ਲੱਗੇ ਤਾਂ ਉਹਨਾਂ ਨੇ ਵੀ ਪੰਜਾਬੀ ਬੋਲੀ ਅਤੇ ਗੁਰਮੁਖੀ ਅੱਖਰਾਂ ਨੂੰ ਸਰਪ੍ਰਸਤੀ ਨਹੀ ਦਿੱਤੀ। ਪੰਜਾਬੀ ਬੋਲੀ ਅਤੇ ਗੁਰਮੁਖੀ ਸਿਰਫ ਪੰਜਾਬ ਵਿੱਚ ਡੇਰਿਆਂ ਅਤੇ ਗੁਰਦੁਆਰਿਆਂ ਵਿੱਚ ਹੀ ਸਿਖਾਈ ਜਾਂਦੀ ਸੀ ਅਤੇ ਧਾਰਮਿਕ ਕੰਮਾਂ ਵਿੱਚ ਵਰਤੀ ਜਾਂਦੀ ਸੀ। ਇਸ ਤੋਂ ਇਲਾਵਾ ਕਿਸੇ ਵੀ ਰਾਜੇ ਨੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਨਹੀ ਬਣਾਇਆ। ਜਿਸ ਕਰਕੇ ਅੱਜ ਤੱਕ ਪੰਜਾਬੀ ਲੋਕ ਇਸ ਖਮਿਆਜਾ ਭੁੱਗਤ ਰਹੇ ਹਨ। ਸਿੱਖ ਰਾਜ ਖਤਮ ਹੋਣ ਤੇ ਅੰਗਰੇਜ਼ਾ ਨੇ ਪੰਜਾਬ ਤੇ ਕਬਜ਼ਾ ਕਰ ਲਿਆ ਅਤੇ ਯੂ.ਪੀ ਦੀ ਬੋਲੀ ਪੰਜਾਬ ਤੇ ਮੜ੍ਹ ਦਿੱਤੀ। ਜਿਸ ਤੋਂ ਅਜੇ ਤੱਕ ਵੀ ਪੰਜਾਬੀ ਛੁੱਟਕਾਰਾ ਨਹੀ ਪਾ ਸਕੇ।